# ਕੈਨੇਡਾ ਦਰਪਣ

ਮਾਰਚ 27, 1987

**March 27, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ Weekending March 27,1987 Vol 6 No.11 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

### ਪੰਜਾਬ 'ਚ ਦੋ ਦਿਨਾਂ ਦੌਰਾਨ ਪੰਦਰਾਂ ਕਤਲ

# ਪਟਿਆਲਾ 'ਚ ਦੰਗੇ ਭੜਕੇ

ਚੰਡੀਗੜ੍ਹ—18 ਮਾਰਚ—ਪੰਜਾਬ 'ਚ ਪਿਛਲੇ ਦੋ ਦਿਨਾਂ ਦੌਰਾਨ ਹਿੰਸਕ ਘਟਨਾਵਾਂ 'ਚ ਆਈ ਤੇਜ਼ੀ ਨੇ 15 ਤੋਂ ਵੱਧ ਜਾਨਾਂ ਲੈ ਲਈਆਂ, ਪਟਿਆਲਾ 'ਚ ਭਾਰਤੀ ਜਨਤਾ ਪਾਰਟੀ ਦੇ ਨੇਤਾ ਸੰਭੂ ਪ੍ਰਸ਼ਾਦ ਦੇ ਕਤਲ ਤੋਂ ਬਾਅਦ ਸ਼ਹਿਰ 'ਚ ਦੰਗੇ ਭੜਕ ਪਏ ਅਤੇ ਅੰਮ੍ਰਿਤਸਰ ਦੇ ਇਕ ਪਿੰਡ 'ਚ ਅੱਤਵਾਦੀਆਂ ਨੇ ਇਕ ਸਿੱਖ ਪਰੀਵਾਰ ਦੇ ਤਿੰਨ ਮੈਂਬਰਾਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ।

ਪਟਿਆਲਾ 'ਚ 17 ਮਾਰਚ ਨੂੰ ਕੁਝ ਅਣਪਛਾਤੇ ਹਮਲਾਆਵਰਾਂ ਵਲੋਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਸੰਭੂ ਪ੍ਰਸ਼ਾਦ ਦੇ ਕਤਲ ਤੋਂ ਬਾਅਦ ਸ਼ਹਿਰ 'ਚ ਦੰਗੇ ਭੜਕ ਪਏ। [illegible] ਅਤੇ ਹਿੰਸਕ ਘਟਨਾਵਾਂ 'ਚ ਹੋਰ 11 ਵਿਅਕਤੀਆਂ ਦੇ ਮਰਨ ਦੀ ਖਬਰ ਹੈ।

ਦੋਹਾਂ ਫਿਰਕਿਆਂ ਵਿਚ ਸ਼ੁਰੂ ਹੋਏ ਦੰਗੇ ਫਸਾਦ ਨੂੰ ਕਾਬੂ ਕਰਨ ਲਈ ਸ਼ਹਿਰ 'ਚ ਅਣਮਿੱਥੇ ਸਮੇਂ ਲਈ ਕਰਫਿਊ ਲਾ ਦਿਤਾ ਗਿਆ ਹੈ। ਪਹਿਲਾਂ ਇਹ ਕਰਫਿਊ ਅੰਦਰੂਨੀ ਹਿੱਸਿਆਂ ਵਿਚ ਲਾਇਆ ਗਿਆ ਸੀ, ਬਾਅਦ 'ਚ ਵਧਾ ਕੇ ਸਾਰੇ ਸ਼ਹਿਰ ਵਿਚ ਕਰ ਦਿਤਾ ਗਿਆ। ਸ਼ਹਿਰ ਦੇ ਸਕੂਲ ਕਾਲਜ ਅਣਮਿੱਥੇ ਸਮੇਂ ਲਈ ਬੰਦ ਕਰ ਦਿਤੇ ਗਏ ਹਨ। ਸ਼ਹਿਰ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲੀਸ ਅਤੇ ਨੀਮ.ਫੌਜੀ ਦਸਤੇ ਬੰਦ ਸ਼ਹਿਰ ਦੀ ਗਸ਼ਤ ਕਰ ਰਹੇ ਹਨ।

## ਸਿੱਖ ਪ੍ਰਵਾਰ ਦੇ ਤਿੰਨ ਜੀਅ ਕਤਲ

ਅੰਮ੍ਰਿਤਸਰ ਦੇ ਨੇੜੇ ਇਕ ਪਿੰਡ 'ਚ ਅੱਜ 18 ਮਾਰਚ ਨੂੰ ਵਾਪਰੀ ਇਕ ਘਟਨਾ ਵਿਚ ਅੱਤਵਾਦੀਆਂ ਨੇ ਇਕ ਸਿੱਖ ਪ੍ਰੀਵਾਰ ਦੇ ਤਿੰਨ ਮੈਂਬਰਾਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ। ਦਸਿਆ ਜਾਂਦਾ ਹੈ ਕਿ ਹਮਲਾਆਵਰ ਸਕੂਟਰ 'ਤੇ ਆਏ ਅਤੇ ਗੋਲੀਆਂ ਮਾਰ ਕੇ ਫਰਾਰ ਹੋ ਗਏ। ਅੱਤਵਾਦੀਆਂ ਨੂੰ ਸ਼ੱਕ ਸੀ ਕਿ ਇਸ ਪ੍ਰੀਵਾਰ ਦੇ ਮੈਂਬਰ ਪੁਲੀਸ ਦੇ ਟਾਊਟ ਹਨ ਅਤੇ ਉਨ੍ਹਾਂ ਨੇ ਅੱਤਵਾਦੀਆਂ ਨੂੰ ਫੜਾਉਣ ਲਈ ਪੁਲੀਸ ਕੋਲ ਮੁਖਬਰੀ ਕੀਤੀ ਸੀ।

## ਹੋਰ ਨੀਮ ਫੌਜੀ ਦਸਤੇ ਮੰਗੇ

ਹਿੰਸਕ ਘਟਨਾਵਾਂ 'ਚ ਆਈ ਇਸ ਤੇਜ਼ੀ ਤੋਂ ਬਾਅਦ ਪੰਜਾਬ ਸਰਕਾਰ ਨੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਹੋਰ ਨੀਮ ਫੌਜੀ ਦਸਤੇ ਪੰਜਾਬ ਭੇਜੇ ਜਾਣ। ਇਹ ਵਰਨਣਯੋਗ ਹੈ ਕਿ ਪਹਿਲਾਂ ਹੀ ਪੰਜਾਬ 'ਚ ਕੇਂਦਰੀ ਰਿਜ਼ਰਵ ਪੁਲੀਸ ਦੇ 55000 ਕਰਮਚਾਰੀ ਤਾਇਨਾਤ ਹਨ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਬੈਂਕਾਂ 'ਤੇ ਪਹਿਰਾ ਦੇਣ ਅਤੇ ਗਸ਼ਤ ਦਾ ਕੰਮ ਤੇਜ਼ ਕਰਨ ਲਈ ਸੀ.ਆਰ.ਪੀ. ਦੇ ਹੋਰ ਸਿਪਾਹੀਆਂ ਦੀ ਲੋੜ ਹੈ।

### ਰਾਜੀਵ ਗਾਂਧੀ 'ਤੇ ਜ਼ੈਲ ਸਿੰਘ 'ਚ ਖੜਕ ਪਈ

## ਰਾਸ਼ਟਰਪਤੀ ਵਲੋਂ ਰਾਜੀਵ 'ਤੇ ਝੂਠ ਬੋਲਣ ਦਾ ਦੋਸ਼





ਨਵੀਂ ਦਿੱਲੀ:—12 ਮਾਰਚ ਦੇ ਇੰਡੀਅਨ ਅਖਬਾਰ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਰਾਜੀਵ ਦੇ ਖਿਲਾਫ ਖੱਤ ਛੱਪਣ ਨਾਲ ਦੋਹਾਂ ਲੀਡਰਾਂ ਵਿਚਕਾਰ ਚਲੇ ਆ ਰਹੇ ਮਤਭੇਦ ਉਭਰ ਕੇ ਸਾਹਮਣੇ ਆ ਗਏ ਹਨ। ਇਸ ਖੱਤ ਵਿਚ ਰਾਸ਼ਟਰਪਤੀ ਨੇ ਰਾਜੀਵ ਦੇ ਖਿਲਾਫ ਝੂਠਬੋਲਣ ਦਾ ਦੋਸ਼ ਲਾਇਆ ਹੈ।

ਮਾਰਚ ਦੇ ਸ਼ੁਰੂ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪਾਰਲੀਮੈਂਟ ਨੂੰ ਦਸਿਆ ਸੀ ਕਿ ਕੌਮੀ ਸੁਰੱਖਿਆ ਦੇ ਹਰ ਮਾਮਲੇ ਸਬੰਧੀ ਰਾਸ਼ਟਰਪਤੀ ਦੀ ਸਲਾਹ ਲਈ ਜਾਂਦੀ ਹੈ। ਇਸ ਤਰ੍ਹਾਂ ਕਰਨਾ ਭਾਰਤੀ ਸੰਵਿਧਾਨ ਵਿਚ ਦਰਜ ਹੈ।

ਇਸਦੇ ਜਵਾਬ ਵਿਚ ਇੰਡੀਅਨ ਐਕਸਪ੍ਰੈਸ ਨੇ ਰਾਸ਼ਟਰਪਤੀ ਦੀ ਚਿੱਠੀ ਪਹਿਲੇ ਸਫੇ ਤੇ ਛਾਪੀ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਸੰਵਿਧਾਨ ਦੀਆਂ ਕਈ ਪੱਕੀਆਂ ਰੀਤਾਂ ਨੂੰ ਨਿਭਾਇਆ ਨਹੀਂ ਜਾ ਰਿਹਾ। ਰਾਸ਼ਟਰਪਤੀ ਨੇ ਕਿਹਾ ਕਿ ਹਰ ਮਾਮਲੇ ਸਬੰਧੀ ਉਸਦੀ ਰਾਇ ਨਹੀਂ ਲਈ ਜਾਂਦੀ।

ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ ਮਾਮਲੇ ਨੂੰ ਲੈ ਕੇ ਪਾਰਲੀਮੈਂਟ 'ਚ ਕਾਫੀ ਰੌਲਾ ਪਾਇਆ ਅਤੇ ਇਸ 'ਤੇ ਬਹਿਸ ਕਰਨ ਦੀ ਮੰਗ ਕੀਤੀ।

ਬਾਕੀ ਸਫਾ 2 ਤੇ





ਏ. ਸੀ. ਜਿਊਲਰਜ਼

9373 - 120 St. Delta, B.C.

PH. 588-5808

ਡੇਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# ਚੋਣਾਂ 'ਚ ਕਾਂਗਰਸ ਦੇ ਹਾਰਨ ਦੀ ਸੰਭਾਵਨਾ

ਨਵੀਂ ਦਿੱਲੀ:—23 ਮਾਰਚ ਨੂੰ ਭਾਰਤ ਦੇ ਤਿੰਨ ਸੂਬਿਆਂ ਵਿਚ ਅਸੰਬਲੀ ਚੋਣਾਂ ਹੋ ਰਹੀਆਂ ਹਨ। ਤਿੰਨਾਂ ਹੀ ਸੂਬਿਆਂ ਵਿਚ ਇੰਦਰਾ ਕਾਂਗਰਸ ਕਸੂਤੀ ਫਸੀ ਹੋਈ ਹੈ। ਜੰਮੂ ਕਸ਼ਮੀਰ ਵਿਚ ਇਸ ਨੇ ਫਾਰੂਕ ਅਬਦੂਲਾ ਦੀ ਨੈਸ਼ਨਲ ਕਾਨਫਰੰਸ ਨਾਲ ਫਰੰਟ ਬਣਾ ਰਖਿਆ ਹੈ। ਕੇਰਲਾ ਵਿਚ ਮੁਸਲਮ ਲੀਗ ਅਤੇ ਹੋਰ ਲੋਕਲ ਪਾਰਟੀਆਂ ਨਾਲ ਸਾਂਝਾ ਫਰੰਟ ਬਣਾ ਰਖਿਆ ਹੈ ਜਦੋਂ ਕਿ ਪੱਛਮੀ ਬੰਗਾਲ ਵਿਚ ਇੰਦਰਾ ਕਾਂਗਰਸ ਇਕੱਲਿਆਂ ਹੀ ਖੱਬੇ ਸਾਂਝੇ(ਹੁਕਮਰਾਨ) ਫਰੰਟ ਦੇ ਖਿਲਾਫ ਸਾਰੀਆਂ ਸੀਟਾਂ ਉਤੇ ਚੋਣ ਲੜ ਰਹੀ ਹੈ। ਦਿੱਲੀ ਦੇ ਜਰਨਲਿਸਟਾਂ ਦੀ ਸਾਂਝੀ ਰਾਇ ਹੈ ਕਿ ਜੰਮੂ ਕਸ਼ਮੀਰ ਵਿਚ ਫਾਰੂਕ ਅਬਦੂਲਾ ਇੰਦਰਾ ਕਾਂਗਰਸ ਨੂੰ ਜਿਤਾ ਸਕਦੇ ਹਨ ਪਰ ਕੇਰਲ ਅਤੇ ਪੱਛਮੀ ਬੰਗਾਲ ਵਿਚ ਇੰਦਰਾ ਕਾਂਗਰਸ ਦਾ ਹਾਰਨਾ ਯਕੀਨੀ ਹੈ। ਇਨ੍ਹਾਂ ਤੋਂ ਇਲਾਵਾ ਯੂ.ਪੀ., ਆਂਧਰਾ, ਪਾਂਡੀਚਰੀ ਤੇ ਗੁਜਰਾਤ ਦੇ 3 ਲੋਕ ਸਭਾ ਅਤੇ 8 ਅਸੰਬਲੀ ਹਲਕਿਆਂ ਦੀਆਂ ਜਿਮਨੀ ਚੋਣਾਂ ਵੀ ਹੋ ਰਹੀਆਂ ਹਨ। ਇਹ ਚੋਣਾਂ ਰਾਜੀਵ ਦੀਆਂ ਨੀਤੀਆਂ ਦਾ ਇਮਤਿਹਾਨ ਹੋਣਗੀਆਂ।

ਜੰਮੂ ਕਸ਼ਮੀਰ ਦੀਆਂ 76 ਸੀਟਾਂ ਵਿਚੋਂ 46 ਉਤੇ ਚਾਰ-ਚਾਰ ਪੰਜ-ਪੰਜ ਉਮੀਦਵਾਰ ਹਨ। ਭਾਰਤੀ ਜਨਤਾ ਪਾਰਟੀ ਵੀ ਚੋਣਾਂ ਲੜ ਰਹੀ ਹੈ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਅਤੇ ਇੰਦਰਾ ਕਾਂਗਰਸ ਨੂੰ ਵਧੇਰੇ ਕਰਕੇ ਕੱਟੜ ਮੁਸਲਮ ਲੀਗੀਆਂ ਨਾਲ ਮੁਕਾਬਲੇ ਕਰਨੇ ਪੈਣਗੇ। ਪਰ ਨੈਸ਼ਨਲ ਕਾਨਫਰੰਸ ਦਾ ਅਸਰ ਰਸੂਖ ਹਾਲਾਂ ਵੀ ਕਾਇਮ ਹੈ। ਨੈਸ਼ਨਲ ਕਾਨਫਰੰਸ ਦੇ 45 ਅਤੇ ਕਾਂਗਰਸ ਦੇ 31 ਉਮੀਦਵਾਰ ਖੜੇ ਹਨ। ਦੇਸ਼ ਭਰ ਦੀਆਂ ਵਧੇਰੇ ਨਜ਼ਰਾਂ ਪੱਛਮੀ ਬੰਗਾਲ ਅਤੇ ਕੇਰਲ ਦੀਆਂ ਚੋਣਾਂ ਉਤੇ ਲਗੀਆਂ ਹੋਈਆਂ ਹਨ ਕਿਉਂਕਿ ਇਨ੍ਹਾਂ ਦੋਵਾਂ ਸੂਬਿਆਂ ਵਿਚ ਖੱਬੇ ਸਾਂਝੇ ਫਰੰਟਾਂ ਨਾਲ ਇੰਦਰਾ ਕਾਂਗਰਸ ਨੂੰ ਟਕਰਾਉਣਾ ਪੈ ਰਿਹਾ ਹੈ। ਕਾਂਗਰਸ ਨੂੰ ਆਪਸੀ ਫੁੱਟ ਦਾ ਜ਼ਬਰਦਸਤ ਨੁਕਸਾਨ ਹੋ ਰਿਹਾ ਹੈ ਕਿਉਂਕਿ ਸੂਬਾ ਪ੍ਰਧਾਨ ਪ੍ਰਿਰੀਆ ਰੰਜਨ ਦਾਸ ਮੁਨਸ਼ੀ ਨੇ 170 ਦੇ ਕਰੀਬ ਆਪਣੇ ਬੰਦੇ ਖੜੇ ਕੀਤੇ ਹਨ। 294 ਵਿਚ ਬਾਕੀ ਕਾਂਗਰਸੀ ਉਮੀਦਵਾਰ, ਕੇਂਦਰੀ ਮੰਤਰੀਆਂ, ਅਜੀਤ ਪੰਜਾ ਅਤੇ ਅਸ਼ੋਕ ਸੇਨ ਦੇ ਹਮਾਇਤੀ ਹਨ। ਕਾਂਗਰਸ ਨੇ ਰਾਜੀਵ ਦੀ ਹਦਾਇਤ ਉਤੇ ਬਹੁਤੇ ਪੁਰਾਣੇ ਮੈਂਬਰਾਂ ਨੂੰ ਛੱਡ ਕੇ ਨਵੇਂ ਉਮੀਦਵਾਰ ਲਏ ਹਨ। ਪ੍ਰਨਾਬ ਮੁਕਰਜੀ ਨੇ ਆਪਣੀ ਕੌਮੀ ਸਮਾਜਵਾਦੀ ਕਾਂਗਰਸ ਦੇ ਉਮੀਦਵਾਰ ਵੀ ਖੜੇ ਕੀਤੇ ਹਨ। ਮੁਕਾਬਲੇ ਉਤੇ ਪੰਜ ਪਾਰਟੀ ਖੱਬਾ ਫਰੰਟ ਪਹਿਲਾਂ ਤੋਂ ਵੱਧ ਸੀਟਾਂ ਉਤੇ ਜਿੱਤਣ ਦੇ ਦਾਅਵੇ ਕਰਦਾ ਹੈ ਕਿਉਂਕਿ ਇਸ ਨੇ ਗੋਰਖਾਲੈਂਡ ਦੇ ਮਸਲੇ ਨੂੰ ਕਾਂਗਰਸ ਦਾ ਪੈਦਾ ਕੀਤਾ ਮਸਲਾ ਕਰਾਰ ਦਿਤਾ ਹੈ। ਇਸ ਸੂਬੇ ਵਿਚ ਖੱਬੇ ਫਰੰਟ ਦੀਆਂ ਜੜ੍ਹਾਂ ਡੂੰਘੀਆਂ ਹਨ।

ਸਪੀਕਰ ਬਲਰਾਮ ਜਾਖੜ ਨੇ ਇਹ ਕਹਿ ਕੇ ਬਹਿਸ ਦੀ ਮੰਗ ਰੱਦ ਕਰ ਦਿਤੀ ਕਿ ਰਾਸ਼ਟਰਪਤੀ ਦੇ ਅਹੁਦੇ ਨੂੰ ਬਹਿਸ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਦਾ। ਇਸ 'ਤੇ ਸਾਰੀ ਵਿਰੋਧੀ ਧਿਰ ਪਾਰਲੀਮੈਂਟ 'ਚੋਂ ਵਾਕਆਊਟ ਕਰ ਗਈ।

ਪ੍ਰਧਾਨ ਮੰਤਰੀ ਗਾਂਧੀ ਅਤੇ ਰਾਸ਼ਟਰਪਤੀ ਜ਼ੈਲ ਸਿੰਘ ਵਿਚਕਾਰ ਮਤਭੇਦ ਜਨਵਰੀ ਵਿਚ ਉਭਰ ਕੇ ਸਾਹਮਣੇ ਆਏ ਸਨ ਜਦੋਂ ਰਾਸ਼ਟਰਪਤੀ ਨੇ ਉਸ ਬਿੱਲ 'ਤੇ ਦਸਖਤ ਕਰਨ ਤੋਂ ਇਨਕਾਰ ਕਰ ਦਿਤਾ ਜਿਸ ਵਿਚ ਚਿੱਠੀਆਂ ਅਤੇ ਡਾਕ ਨੂੰ ਸੈਂਸਰ ਕਰਨ ਦੀ ਤਜ਼ਵੀਜ਼ ਸੀ। ਇਸ ਇਨਕਾਰੀ ਨੂੰ ਹੀ ਰਾਜੀਵ ਗਾਂਧੀ ਦੇ ਖਿਲਾਫ ਪ੍ਰੋਟੈਸਟ ਸਮਝਿਆ ਜਾ ਰਿਹਾ ਸੀ।

ਰਾਜੀਵ ਗਾਂਧੀ ਨੇ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਨੂੰ ਵੀ ਇਹ ਆਗਿਆ ਦੇ ਰੱਖੀ ਹੈ ਕਿ ਉਹ ਰਾਸ਼ਟਰਪਤੀ ਦੇ ਖਿਲਾਫ ਬੋਲਣ। ਉਹ ਇਹ ਦੋਸ਼ ਲਾਉਂਦੇ ਰਹੇ ਹਨ ਕਿ ਰਾਸ਼ਟਰਪਤੀ ਭਵਨ ਵਿਚ ਅੱਤਵਾਦੀਆਂ ਦਾ ਆਉਣ ਜਾਣ ਹੈ।

ਰਾਜੀਵ ਗਾਂਧੀ ਅੱਜ ਕੱਲ੍ਹ ਚੋਣ ਪ੍ਰਚਾਰ ਲਈ ਕਸ਼ਮੀਰ ਅਤੇ ਬੰਗਾਲ ਆਦਿ ਰਾਜਾਂ ਦਾ ਦੌਰਾ ਕਰ ਰਿਹਾ ਹੈ। ਦੌਰੇ ਤੇ ਜਾਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਸੀ.ਬੀ.ਆਈ ਨੂੰ ਇੰਡੀਅਨ ਐਕਸਪ੍ਰੈਸ ਅਖਬਾਰ ਸਮੂਹ ਦੇ ਮਾਲਕ ਅਤੇ ਚੇਅਰਮੈਨ ਗੋਇਨਕਾ ਦੇ ਘਰ ਦੀ ਤਲਾਸ਼ੀ ਲੈਣ ਦਾ ਹੁਕਮ ਦਿਤਾ। ਸੀ.ਬੀ.ਆਈ. ਨੇ ਕਈ ਕਾਗਜ਼ ਆਪਣੇ ਕਬਜ਼ੇ ਵਿਚ ਲੈ ਲਏ। ਵਿਰੋਧੀ ਧਿਰ ਨੇ ਦੋਸ਼ ਲਾਇਆ ਹੈ ਕਿ ਇਹ ਛਾਪਾ ਅਖਬਾਰ ਵਿਚ ਰਾਸ਼ਟਰਪਤੀ ਦੀ ਚਿੱਠੀ ਛਾਪਣ ਕਰਕੇ ਮਾਰਿਆ ਗਿਆ ਹੈ। ਸਰਕਾਰ ਨੇ ਇਸ ਦੋਸ਼ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਛਾਪੇ ਦਾ ਕਾਰਨ ਇਕ ਹੋਰ ਖਬਰ ਦੀ ਛਾਣਬੀਣ ਕਰਨਾ ਹੈ।

# ਸ਼ਰੋਮਣੀ ਕਮੇਟੀ ਦਾ ਬਜਟ ਅਜਲਾਸ ਬਰਨਾਲਾ ਲਈ ਇਹ ਮੌਕਾ

ਚੰਡੀਗੜ੍ਹ:—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬੱਜਟ ਅਜਲਾਸ 24 ਮਾਰਚ ਨੂੰ ਹੋਣ ਜਾ ਰਿਹਾ ਹੈ, ਇਸ ਅਜਲਾਸ ਵਿਚ ਮੁਖ ਮੰਤਰੀ ਸ੍ਰੀ ਸੁਰੀਤ ਸਿੰਘ ਬਰਨਾਲਾ ਦੇ ਹਮਾਇਤੀਆਂ ਤੇ 'ਸੰਯੁਕਤ ਅਕਾਲੀ ਦਲ' ਦੇ ਵਿਚਾਲੇ ਸ਼ਕਤੀ ਪ੍ਰਦਰਸ਼ਨ ਹੋਣ ਦੀ ਸੰਭਾਵਨਾ ਹੈ।

ਬਰਨਾਲਾ ਦੇ ਹਮਾਇਤੀ ਚਾਹੁੰਦੇ ਹਨ ਕਿ ਸ਼ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਸ੍ਰੀ ਟੌਹੜਾ ਦੇ ਵਿਰੁੱਧ ਬੇਵਿਸ਼ਵਾਸੀ ਦਾ ਮਤਾ ਲਿਆ ਕੇ, ਉਨ੍ਹਾਂ ਨੂੰ ਅਹੁਦੇ ਤੋਂ ਹਟਾਕੇ ਕਮੇਟੀ ਉਤੇ ਕਬਜ਼ਾ ਕਰ ਲਿਆ ਜਾਵੇ। ਪੰਜ ਸਿੰਘ ਸਾਹਿਬਾਨਾਂ ਦੀ ਇਹ ਕੋਸ਼ਿਸ਼ ਹੋ ਸਕਦੀ ਹੈ ਕਿ ਮੁਖ ਮੰਤਰੀ ਬਰਨਾਲਾ ਦੇ ਹਮਾਇਤੀਆਂ ਨੂੰ ਬੱਜਟ ਅਜਲਾਸ ਵਿਚ ਸ਼ਾਮਲ ਹੀ ਨਾ ਹੋਣ ਦਿਤਾ ਜਾਵੇ। ਸ੍ਰੀ ਟੌਹੜਾ ਅੱਜ ਕੱਲ੍ਹ ਜੇਲ੍ਹ ਵਿਚ ਬੰਦ ਹਨ।

ਰਾਜਨੀਤਕ ਹਲਕਿਆਂ ਵਿਚ ਇਸ ਗੱਲ ਦੀ ਸ਼ੰਕਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਗਰਮ ਖਿਆਲ ਲੋਕ ਬਰਨਾਲਾ ਹਮਾਇਤੀਆਂ ਨੂੰ ਅੰਦਰ ਆਉਣ ਤੋਂ ਰੋਕਣਗੇ ਅਤੇ ਅਜਿਹੀ ਹਾਲਤ ਅੰਦਰ ਦਰਬਾਰ ਸਾਹਿਬ ਵਿਚ ਹਿੰਸਾ ਭੜਕ ਸਕਦੀ ਹੈ। ਜੇ ਬਰਨਾਲਾ ਹਮਾਇਤੀਆਂ ਨੂੰ ਅੰਦਰ ਆਉਣ ਤੋਂ ਰੋਕਿਆ ਗਿਆ ਤਾਂ ਇਹ ਲੋਕ ਵੀ ਆਪਣੇ ਢੰਗ ਨਾਲ ਵਿਰੋਧ ਕਰਨ ਵਿਚ ਪਿਛੇ ਨਹੀਂ ਰਹਿਣਗੇ।

# ਬਰਨਾਲਾ ਗਰੁੱਪ ਦਾ ਐਮ ਐਲ ਏ ਕਤਲ

ਲੁਧਿਆਣਾ:—15 ਮਾਰਚ ਨੂੰ ਲੁਧਿਆਣਾ ਨੇੜੇ ਦੋ ਮੋਟਰ ਸਾਈਕਲ ਸਵਾਰਾਂ ਨੇ ਪੰਜਾਬ ਅਸੰਬਲੀ 'ਚ ਬਰਨਾਲਾ ਗਰੁੱਪ ਦੇ ਮੈਂਬਰ ਅਮਰਜੀਤ ਸਿੰਘ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿਤਾ ਅਤੇ ਫਰਾਰ ਹੋ ਗਏ।

ਖਬਰਾਂ ਅਨੁਸਾਰ ਐਮ.ਐਲ.ਏ ਅਮਰਜੀਤ ਸਿੰਘ ਕਾਰ 'ਤੇ ਜਾ ਰਿਹਾ ਸੀ ਕਿ ਦੋ ਮੋਟਰ ਸਾਈਕਲ ਸਵਾਰਾਂ ਨੇ ਬੜੇ ਨੇੜਿਉਂ ਸਬ ਮਸ਼ੀਨਗੰਨਾਂ ਨਾਲ ਕਾਰ 'ਤੇ ਹੀ ਗੋਲੀ ਚਲਾਈ। ਅਮਰਜੀਤ ਸਿੰਘ ਦੀ ਥਾਂ 'ਤੇ ਹੀ ਮੌਤ ਹੋ ਗਈ।

ਇਹ ਵਰਨਣਯੋਗ ਹੈ ਕਿ ਅਮਰਜੀਤ ਸਿੰਘ ਨੇ ਸਿੰਘ ਸਾਹਿਬਾਨ ਅਤੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਰਮਿਆਨ ਪੈਦਾ ਹੋਈ ਧੜੇਬੰਦੀ 'ਚ ਬਰਨਾਲਾ ਦਾ ਸਾਥ ਦਿਤਾ ਸੀ। ਪੁਲੀਸ ਦਾ ਵਿਚਾਰ ਹੈ ਕਿ ਅਮਰਜੀਤ ਸਿੰਘ ਅੱਤਵਾਦੀਆਂ ਦੇ ਉਸ ਰੋਸ ਦਾ ਸ਼ਿਕਾਰ ਹੋਇਆ ਜਿਸ ਵਿਚ ਉਨ੍ਹਾਂ ਨੇ ਧਮਕੀ ਦਿਤੀ ਸੀ ਕਿ ਸਿੰਘ ਸਾਹਿਬਾਨ ਦਾ ਹੁਕਮ ਨਾ ਮੰਨਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਏਗਾ।

ਇਸ ਦਿਨ ਹੀ ਜਲੰਧਰ 'ਚ ਇਕ ਮੰਦਰ ਦੇ ਪੁਜਾਰੀ ਨੂੰ ਵੀ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਮਾਰ ਦਿਤਾ। ਮ੍ਰਿਤਕ ਪੁਜਾਰੀ ਦਾ ਨਾਂ ਗੰਗਾ ਜਲ ਪ੍ਰਸ਼ਾਦ ਸੀ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਇਨ੍ਹਾਂ ਦਿਨਾਂ ਵਿਚ ਦੋ ਪ੍ਰਮੁਖ ਗੁੱਟਾਂ ਵਿਚ ਵੰਡੇ ਹੋਏ ਹਨ। ਇਕ ਬਰਨਾਲਾ ਸਮਰਥਕ ਦੂਸਰਾ 'ਅਕਾਲ ਤਖਤ' ਦੇ ਕਾਰਜ ਕਾਰੀ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਆਪਣਾ ਆਗੂ ਮੰਨਦ ਹਨ।

ਕਮੇਟੀ ਵਿਚ ਕੁਲ ਮਿਲਾ ਕੇ ਇਕ ਸੌ ਸੱਠ ਮੈਂਬਰ ਹਨ, ਜਿਨ੍ਹਾਂ ਵਿਚੋਂ 17 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ, ਅਜਿਹੇ ਸਾਰੇ ਮੈਂਬਰਾਂ ਦੀ ਨਿਸ਼ਠਾ ਸ੍ਰੀ ਸੁਰਜੀਤ ਸਿੰਘ ਬਰਨਾਲਾ ਨਾਲ ਸੀ। ਇਸ ਕਮੇਟੀ ਦੇ ਉਪ ਮੈਂਬਰ ਸ੍ਰੀ ਜੀਵਨ ਸਿੰਘ ਉਮਰਾਨੰਗਲ ਚੁਣੇ ਗਏ ਸਨ, ਜਿਨ੍ਹਾਂ ਨੇ ਮੈਂਬਰ ਪਾਲ ਸਿੰਘ ਵੀ ਬਰਨਾਲਾ ਹਮਇਤੀ ਸਨ, ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਮੈਂਬਰੀ ਤੋਂ ਵੱਖ ਕਰ ਦਿਤਾ ਗਿਆ ਹੈ।

ਇਨ੍ਹਾਂ 19 ਮੈਂਬਰਾਂ ਨੂੰ ਛੱਡ ਕੇ ਬਾਕੀ 141 ਨੂੰ ਬੱਜਟ ਅਜਲਾਸ ਵਿਚ ਆਉਣ ਦੇ ਲਈ ਸੱਦਾ-ਪੱਤਰ ਭੇਜੇ ਗਏ ਹਨ। ਪੰਜ ਜਥੇਦਾਰ ਵੀ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ, ਪਰੰਤੂ ਉਨ੍ਹਾਂ ਨੂੰ ਵੇਤਨਭੋਗੀ ਕਰਮਚਾਰੀ ਮੰਨਕੇ ਵੋਟ ਦੇਣ ਦਾ ਅਧਿਕਾਰ ਨਹੀਂ ਹੁੰਦਾ। ਬਾਕੀ 136 ਮੈਂਬਰਾਂ ਵਿਚੋਂ ਕਰੀਬ ਇਕ ਦਰਜਨ(ਜਿਹਨਾਂ ਵਿਚ ਟੌਹੜਾ, ਬਾਦਲ ਅਤੇ ਹੋਰ ਆਗੂ ਸ਼ਾਮਲ ਹਨ) ਅੱਜ ਕੱਲ੍ਹ ਉਹ ਵੱਖ ਵੱਖ ਰਾਜਾਂ ਦੀਆਂ ਜੇਲ੍ਹਾਂ ਵਿਚ ਬੰਦ ਹਨ

ਰਜ ਸਰਕਾਰ ਨੇ ਹੁਣੇ ਹੁਣੇ ਕੁਝ ਗ੍ਰਿਫਤਾਰੀਆਂ ਕੀਤੀਆਂ ਹਨ ਤੇ ਸੰਭਵ ਹੈ ਕਿ ਆਉਣ ਵਾਲੇ ਸਮੇਂ ਕੁਝ ਹੋਰ ਗ੍ਰਿਫਤਾਰੀਆਂ ਵੀ ਕੀਤੀਆਂ ਜਾਣ, ਤੇ ਇਨ੍ਹਾਂ ਗ੍ਰਿਫਤਾਰੀਆਂ ਨਾਲ ਮੁਖ ਮੰਤਰੀ ਸ੍ਰੀ ਬਰਨਾਲਾ ਤੇ ਵਿਰੋਧੀਆਂ ਦੀ ਬਹੁ-ਗਿਣਤੀ ਘਟਕੇ ਘੱਟ-ਗਿਣਤੀ ਵੀ ਬਣ ਸਕਦੀ ਹੈ।


## ਫਾਰਮ ਵਿਚ ਕੰਮ ਕਰਨ ਵਾਲਿਆਂ ਦੀ ਲੋੜ

●ਸਟਰਾਅ ਬੇਰੀ, ਰਸ ਬੇਰੀ, ਬਰਾਕਲੀ, ਗੋਭੀ, ਸਪਰੋਟ ਆਦਿ ● ਕੰਮ ਜੂਨ ਤੋਂ ਨਵੰਬਰ ਤੱਕ ਚੱਲੇਗਾ

● ਰਿਹਾਇਸ਼ ਲਈ ਕੈਬਨਾਂ ਦਾ ਬੰਦੋਬਸਤ ਹੋਵੇਗਾ। ਕੈਬਨਾਂ ਦੀ ਬੁਕਿੰਗ ਹੁਣੇ ਕਰਵਾ ਲਵੋ।

ਕੰਮ ਤੇ ਆਉਣ ਜਾਣ ਲਈ ਟਰਾਂਸਪੋਰਟ ਦਾ ਵੀ ਪ੍ਰਬੰਧ ਹੈ

ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

● ਬੱਸ ਅਤੇ ਟਰੱਕ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ :

ਗੁਰਮੀਤ ਸਿੰਘ 856-7555    ਰਣਜੀਤ ਸਿੰਘ ਕੁਲਾਰ 525-3448



## Active Collision Repair Ltd.

7787 - 132 St., Surrey, B.C.

■ Complete Body Repairs and Painting ■ I.C.B.C. Claims

■ Courtesy Cars ■ Customised Vans and Cars

Open Mondays thru Saturdays

Harvey Mangat    Tel: 596-2020




# ਮਦਰਾਸ ਰੇਲ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ 25 ਤੱਕ ਪਹੁੰਚੀ



ਮਦਰਾਸ:—ਮਦਰਾਸ 'ਚ ਹੋਏ ਰੇਲ ਹਾਦਸੇ ਦੌਰਾਨ ਮਰਨ ਵਾਲਿਆਂ ਦੀ ਗਿਣਤੀ 25 ਤੱਕ ਪਹੁੰਚ ਗਈ ਹੈ। ਇਹ ਹਾਦਸਾ ਪਿਛਲੇ ਐਤਵਾਰ ਹੋਇਆ ਸੀ ਜਦੋਂ ਇਕ ਰੇਲਵੇ ਪੁਲ 'ਤੇ ਬੰਬ ਧਮਾਕਾ ਹੋਣ ਨਾਲ ਇਹ ਰੇਲ ਹਾਦਸੇ ਦਾ ਸ਼ਿਕਾਰ ਹੋ ਗਈ।

ਪੁਲੀਸ ਸੂਤਰਾਂ ਅਨੁਸਾਰ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ 200 ਤੋਂ ਵੱਧ ਹੈ। ਰੇਲਵੇ ਪੁਲ 'ਤੇ ਬੰਬ ਫਟਣ ਨਾਲ ਇੰਜਣ ਅਤੇ ਅੱਠ ਡੱਬੇ ਪੁਲ ਤੋਂ ਹੇਠਾਂ ਡਿਗ ਪਏ। ਡੱਬਿਆਂ ਦੇ ਮਲਬੇ 'ਚੋਂ ਲਾਸ਼ਾਂ ਕੱਢ ਲਈਆਂ ਗਈਆਂ ਹਨ। ਇਕ ਰੇਲਵੇ ਅਧਿਕਾਰੀ ਅਨੁਸਾਰ ਇਹ ਦੁਰਘਟਨਾ ਅੱਤਵਾਦੀ ਕਾਰਵਾਈਆਂ ਦਾ ਨਤੀਜਾ ਹੈ। ਹਾਦਸੇ ਵਾਲੀ ਥਾਂ ਤੋਂ ਬੰਬ ਤਿਆਰ ਕਰਨ ਵਾਲੀ ਸਮੱਗਰੀ ਵੀ ਮਿਲੀ ਹੈ। ਕੁਝ ਇਸ਼ਤਿਹਾਰ ਵੀ ਮਿਲੇ ਹਨ। ਇਨ੍ਹਾਂ ਵਿਚ ਸ੍ਰੀ ਲੰਕਾ 'ਚ ਤਾਮਿਲ ਅੱਤਵਾਦੀਆਂ ਪ੍ਰਤੀ ਭਾਰਤ ਸਰਕਾਰ ਦੇ ਵਤੀਰੇ ਦੀ ਨਿਖੇਧੀ ਕੀਤੀ ਗਈ ਹੈ। ਘਟਨਾ ਦੀ ਜਾਂਚ ਕਰ ਰਹੇ ਮਾਹਿਰਾਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਇਹ ਕਾਰਵਾਈ ਤਾਮਿਲ ਅੱਤਵਾਦੀਆਂ ਨੇ ਕੀਤੀ ਹੋਵੇ ਕਿਉਂਕਿ ਉਹ ਭਾਰਤ ਦੇ ਸਟੈਂਡ ਪ੍ਰਤੀ ਗੁੱਸੇ ਹਨ।

ਉਧਰ ਮਦਰਾਸ 'ਚ ਚਾਰ ਤਾਮਿਲ ਲੀਡਰਾਂ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਇਸ ਹਾਦਸੇ ਵਿਚ ਉਨ੍ਹਾਂ ਦੀਆਂ ਜਥੇਬੰਦੀਆਂ ਦਾ ਹੱਥ ਹੈ।

ਤਾਮਿਲਨਾਡੂ ਦੇ ਇੰਸਪੈਕਟਰ ਜਨਰਲ ਪੁਲੀਸ ਕੇ.ਕੇ.ਰਾਜੇਸ਼ਕਰਨ ਨਾਈਅਰ ਦਾ ਕਹਿਣਾ ਹੈ ਕਿ ਇਸ ਵਿਚ ਹੁਣ ਕੋਈ ਸ਼ੱਕ ਨਹੀਂ ਕਿ ਇਹ ਹਾਦਸਾ ਭੰਨਤੋੜ ਦੀ ਕਾਰਵਾਈ ਦਾ ਸਿੱਟਾ ਹੈ। ਬੰਬ ਦੇ ਫਟਣ ਦੇ ਨਾਲ ਲੱਗਪੱਗ 50 ਮੀਟਰ ਰੇਲ ਪੱਟੜੀ ਵੀ ਤਬਾਹ ਹੋ ਗਈ। ਮਦਰਾਸ ਤੋਂ 270 ਕਿਲੋਮੀਟਰ ਦੱਖਣ 'ਚ ਇਸ ਥਾਂ 'ਤੇ 1965 ਵਿਚ ਵੀ ਰੇਲ ਹਾਦਸਾ ਹੋਇਆ ਸੀ ਜਿਸ ਵਿਚ 147 ਲੋਕ ਮਾਰੇ ਗਏ ਸਨ। ਪੁਲੀਸ ਅਨੁਸਾਰ ਇਸ ਹਾਦਸੇ ਦੀ ਅਜੇ ਕਿਸੇ ਜਥੇਬੰਦੀ ਨੇ ਜ਼ਿੰਮੇਵਾਰੀ ਨਹੀਂ ਲਈ ਪਰ ਇਹ ਬੰਬ ਰੀਮੋਟ ਕੰਟਰੋਲ ਨਾਲ ਚਲਾਇਆ ਗਿਆ।

ਘਟਨਾ ਸਥਾਨ ਤੋਂ ਮਿਲੇ ਇਸ਼ਤਿਹਾਰਾਂ 'ਚ ਸ੍ਰੀ ਲੰਕਾ 'ਚ ਲੜ ਰਹੇ ਤਾਮਿਲਾਂ ਦੀ ਪ੍ਰਸ਼ੰਸਾ ਵੀ ਕੀਤੀ ਗਈ ਹੈ। ਇਸ 'ਚ ਇਹ ਮੰਗ ਵੀ ਕੀਤੀ ਗਈ ਹੈ ਕਿ ਤਾਮਿਲਨਾਡੂ 'ਚ ਹਿੰਦੀ ਦੀ ਥਾਂ ਪੂਰੀ ਤਰ੍ਹਾਂ ਤਾਮਿਲ ਭਾਸ਼ਾ ਦੀ ਵਰਤੋਂ ਕੀਤੀ ਜਾਵੇ। ਪੁਲੀਸ ਸੂਤਰਾਂ ਅਨੁਸਾਰ ਪੰਜਾਬ ਵਿਚੋਂ ਕੇਂਦਰੀ ਪੁਲੀਸ ਦੀ ਵਾਪਸੀ ਦੀ ਮੰਗ ਵੀ ਕੀਤੀ ਗਈ ਹੈ।

ਇਹ ਵਰਨਣਯੋਗ ਹੈ ਕਿ ਦੱਖਣੀ ਭਾਰਤ 'ਚ ਵੱਡੀ ਗਿਣਤੀ ਤਾਮਿਲਾਂ ਦੀ ਹੈ। ਤਾਮਿਲਨਾਡੂ 'ਚ ਕੋਈ 50 ਮਿਲੀਅਨ ਤਾਮਿਲ ਵਸਦੇ ਹਨ। ਭਾਰਤ ਸਰਕਾਰ ਸ੍ਰੀ ਲੰਕਾ ਸਰਕਾਰ ਅਤੇ ਤਾਮਿਲਾਂ 'ਚ ਸੁਲਾਹ ਕਰਾਉਣ ਦਾ ਯਤਨ ਵੀ ਕਰ ਰਹੀ ਹੈ।

ਕੇਂਦਰੀ ਰੇਲਵੇ ਮੰਤਰੀ ਮਾਧਵ ਰਾਉ ਸਿੰਧੀਆ ਨੇ ਲੋਕ ਸਭਾ 'ਚ ਕਿਹਾ ਹੈ ਕਿ ਤਾਮਿਲਨਾਡੂ 'ਚ ਰੇਲਵੇ ਲਾਈਨਾਂ 'ਤੇ ਪੁਲੀਸ ਗਸ਼ਤ ਫਿਰ ਸ਼ੁਰੂ ਕੀਤੀ ਜਾ ਰਹੀ ਹੈ ਜੋ ਕਿ ਇਕ ਮਹੀਨਾ ਪਹਿਲਾਂ ਹਟਾ ਲਈ ਗਈ ਸੀ।

# ਭਾਰਤ 'ਚ ਹਵਾਈ ਸਫਰ ਮਹਿੰਗਾ

ਨਵੀਂ ਦਿੱਲੀ:—ਕੇਂਦਰੀ ਸ਼ਹਿਰੀ ਹਵਾਬਾਜ਼ ਮੰਤਰੀ ਸ੍ਰੀ ਜਗਦੀਸ਼ ਟਾਈਟਲਰ ਨੇ ਪਾਰਲੀਮੈਂਟ 'ਚ ਦਸਿਆ ਹੈ ਕਿ ਅਪਰੈਲ ਮਹੀਨੇ ਤੋਂ ਅੰਤਰਜਾਮੀ 'ਇੰਡੀਅਨ ਏਅਰਲਾਈਨਜ਼' ਦੀਆਂ ਉਡਾਣਾਂ ਦਾ ਕਿਰਾਇਆ ਵਧਾ ਦਿੱਤਾ ਗਿਆ ਹੈ।

# ਖੁੱਭਣ ਕਾਂਡ ਦਾ ਕਾਰਜ ਸਿੰਘ ਕਾਬੂ

ਅੰਮ੍ਰਿਤਸਰ:—ਬੀਤੇ ਸਾਲ 25 ਅਕਤੂਬਰ ਨੂੰ ਅਬੋਹਰ ਖੇਤਰ 'ਚ ਖੁੱਭਣ ਪਿੰਡ ਦੇ ਗੋਲੀ ਕਾਂਡ, ਜਿਸ ਵਿਚ 8 ਵਿਅਕਤੀ ਮਾਰੇ ਗਏ ਸਨ ਤੇ 6 ਜ਼ਖਮੀ ਹੋ ਗਏ ਸਨ, ਦੇ ਮੁਖ ਦੋਸ਼ੀ ਕਾਰਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਜ਼ਿਲਾ ਪੁਲਸ ਮੁਖੀ ਸ੍ਰੀ ਅਜਹਾਰ ਆਲਮ ਖਾਨ ਨੇ ਅੱਜ ਪੱਤਰਕਾਰਾਂ ਨੂੰ ਦਸਿਆ ਕਿ ਇਸ ਗੋਲੀ ਕਾਂਡ ਵਿਚ ਸ਼ਾਮਲ ਦੋ ਹੋਰ ਦੋਸ਼ੀਆਂ ਦੀ ਵੀ ਸ਼ਨਾਖਤ ਕਰ ਲਈ ਹੈ ਜੋ ਅੰਮ੍ਰਿਤਸਰ ਜ਼ਿਲੇ ਨਾਲ ਸਬੰਧਤ ਹਨ।

ਉਨ੍ਹਾਂ ਦਸਿਆ ਕਿ ਇਸਤੋਂ ਪਹਿਲਾਂ ਪੁਲਸ ਨੇ ਤਰਨਤਾਰਨ ਖੇਤਰ 'ਚ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੇ ਨਾਂਅ ਰੇਸ਼ਮ ਸਿੰਘ ਤੇ ਬਲਕਾਰ ਸਿੰਘ ਹਨ.


PIZZA 222

222 IS # 1

Pizza 222 is 2 FOR 1



ORDER 2 PAY FOR 1

EVERY DAY

THIS OFFER APPLIES TO ALL LARGE,MEDIUM OR SMALL PIZZAS ON MENU

ਫੋਨ ਕਰੋ:222-2222

Hot ਪੀਜ਼ੇ ਲਈ ਵੀ ਤੁਸੀਂ ਆਰਡਰ ਕਰ ਸਕਦੇ ਹੋ

222

ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ ਹੇਠ ਲਿਖੇ ਹਨ

1. 222 Special (222 ਸਪੈਸ਼ਲ)

Cheese, Tomato Sauce, Pepperoni, Mushroom, Onions, Greer Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)

(Cheese, Tomato Sauce, Mushrooms, Green Peppers, Onions Pineapple, Olives, Tomatoes)

ਤੁਹਾਡੀ ਸੇਵਾ ਲਈ 17 ਸਟੋਰ

# ਗਿਆਨੀ ਜ਼ੈਲ ਸਿੰਘ ਮੁੜ ਸਿਆਸਤ 'ਚ

ਨਵੀਂ ਦਿੱਲੀ:—ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਅਹੁਦੇ ਦੀ ਮਿਆਦ ਜੁਲਾਈ ਵਿਚ ਖਤਮ ਹੋ ਰਹੀ ਹੈ ਪਰ ਰਾਸ਼ਟਰਪਤੀ ਨੇ ਚੋਣ ਨਾ ਲੜਨ ਦਾ ਇਰਾਦਾ ਪ੍ਰਗਟ ਕਰ ਕੇ ਉਸ ਉਤਸੁਕਤਾ ਤੇ ਚਰਚਾ ਨੂੰ ਘਟਾ ਦਿੱਤਾ ਹੈ ਜਿਹੜੀ ਰਾਜੀਵ ਗਾਂਧੀ ਨਾਲ ਉਨ੍ਹਾਂ ਦੇ ਵਿਰੋਧਾਂ ਕਾਰਨ ਸ਼ੁਰੂ ਹੋ ਚੁੱਕੀ ਸੀ। ਖਿਆਲ ਕੀਤਾ ਜਾਂਦਾ ਸੀ ਕਿ ਰਾਸ਼ਟਰਪਤੀ ਨੇ ਨਵੇਂ ਸਾਲ ਦੇ ਸ਼ੁਰੂ ਤੋਂ ਸਰਕਾਰ ਪ੍ਰਤੀ ਕੁੱਝ ਅਜੇਹਾ ਵਤੀਰਾ ਅਪਨਾ ਰੱਖਿਆ ਸੀ ਜਿਸਤੋਂ ਜਾਪਦਾ ਸੀ ਕਿ ਉਹ ਸਰਕਾਰ ਦਾ ਵਿਰੋਧ ਕਰ ਕੇ ਆਪੋਜੀਸ਼ਨ ਦੀ ਹਮਦਰਦੀ ਜਿੱਤਣਾ ਚਾਹੁੰਦੇ ਹਨ ਤਾਂ ਜੋ ਆਪੋਜੀਸ਼ਨ ਉਨ੍ਹਾਂ ਨੂੰ ਦੂਸਰੀ ਵਾਰ ਪ੍ਰਧਾਨਗੀ ਚੋਣ ਲੜਨ ਲਈ ਤਿਆਰ ਹੋ ਜਾਏ।

ਗਿ:ਜ਼ੈਲ ਸਿੰਘ ਨੂੰ ਇਹ ਪੱਕਾ ਨਿਸਚਾ ਹੈ ਕਿ ਰਾਜੀਵ ਗਾਂਧੀ ਉਨ੍ਹਾਂ ਨੂੰ ਕਾਂਗਰਸ (ਇ:) ਦਾ ਉਮੀਦਵਾਰ ਸਵੀਕਾਰ ਨਹੀਂ ਕਰਨਗੇ ਪਰ ਬਾਗੀ ਕਾਂਗਰਸੀ ਜਿਨ੍ਹਾਂ ਨੂੰ ਰਾਜੀਵ ਗਾਂਧੀ ਨੇ ਪਿਛਲੇ ਸਮੇਂ ਵਿਚ ਨਰਾਜ਼ ਕੀਤਾ ਹੈ ਜਾਂ ਜਿਹੜੇ ਪਾਲਿਸੀਆਂ ਦੇ ਅਧਾਰ ਉਤੇ ਪ੍ਰਧਾਨ ਮੰਤਰੀ ਨਾਲ ਵਿਗੜੇ ਬੈਠੇ ਹਨ,ਨਾਲ ਗਿਆਨੀ ਹੁਰਾਂ ਦੀ ਚੰਗੀ ਗੂੜ੍ਹੀ ਗੱਲਬਾਤ ਹੁੰਦੀ ਰਹੀ ਹੈ। ਇਕ ਮੌਕਾ ਅਜੇਹਾ ਵੀ ਆਇਆ ਜਦੋਂ ਇਹ ਖਬਰਾਂ ਫੈਲ ਰਹੀਆਂ ਸਨ ਕਿ ਅਪੋਜੀਸ਼ਨ ਤੇ ਬਾਗੀ ਕਾਂਗਰਸੀ ਮਿਲ ਕੇ ਗਿਆਨੀ ਹੁਰਾਂ ਨੂੰ ਥਾਪੀ ਦੇਣਗੇ ਪਰ ਹੁਣ ਇਹ ਸੰਭਾਵਨਾ ਮੱਧਮ ਹੋ ਗਈ ਹੈ ਅਤੇ ਸੁਣਿਆ ਹੈ ਗਿ:ਜ਼ੈਲ ਸਿੰਘ ਹੁਰੀਂ ਰੀਟਾਇਰ ਹੋਣ ਬਾਦ ਬੰਗਲੌਰ ਵਿਚ ਕਿਸੇ ਕੋਠੀ ਵਿਚ ਰਹਿਣਾ ਪਸੰਦ ਕਰਨਗੇ।

**ਰਾਜਸੀ ਸਰਗਰਮੀ**

ਗਿ:ਜ਼ੈਲ ਸਿੰਘ ਦੇ ਨਜ਼ਦੀਕੀ ਹਲਕਿਆਂ ਵਿਚ ਘੁਸਰ ਮੁਸਰ ਹੋ ਰਹੀ ਹੈ ਕਿ ਗਿਆਨੀ ਜੀ ਟਿਕ ਕੇ ਬਹਿਣ ਵਾਲੇ ਨਹੀਂ। ਉਹ ਪਹਿਲੇ ਰਾਸ਼ਟਰਪਤੀ ਹੋਣਗੇ ਜੋ ਰੀਟਾਇਰ ਹੋਣ ਬਾਦ ਮੁੜ ਰਾਜਨੀਤੀ ਵਿਚ ਸਰਗਰਮ ਹੋਣਗੇ। ਰਾਸ਼ਟਰਪਤੀ ਭਵਨ ਵਿਚ ਇਸ ਸਮੇਂ ਤਿੰਨ ਅਫਸਰ ਰਾਜਸੀ ਮਾਮਲਿਆਂ ਦੇ ਸਬੰਧ ਵਿਚ ਰਾਸ਼ਟਰਪਤੀ ਦੇ ਲੋਕ ਸੰਪਰਕ ਅਫਸਰ ਵਜੋਂ ਕੰਮ ਕਰ ਰਹੇ ਹਨ। ਡਿਪਟੀ ਪ੍ਰੈਸ ਸਕੱਤਰ ਸ੍ਰੀ ਤਰਲੋਚਨ ਸਿੰਘ,ਅਕਾਸ਼ਬਾਣੀ ਦੇ ਰੀਟਾਇਰਡ ਡਾਇਰੈਕਟਰ ਸ੍ਰੀ ਬਤਰਾ ਅਤੇ ਉਨ੍ਹਾਂ ਦੇ ਉਪ ਸਕੱਤਰ ਕੇ.ਸੀ.ਸਿੰਘ। ਇਨ੍ਹਾਂ ਅਧਿਕਾਰੀਆਂ ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਅਜੇਹੇ ਪੱਤਰਕਾਰ ਚੁਣ ਰੱਖੇ ਹਨ ਜਿਹੜੇ ਰਾਸ਼ਟਰਪਤੀ ਭਵਨ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਖਬਰਾਂ ਛਾਪਦੇ ਰਹਿੰਦੇ ਹਨ। ਇਨ੍ਹਾਂ ਰਾਹੀਂ ਹੀ ਪਤਾ ਲੱਗਾ ਹੈ ਕਿ ਗਿਆਨੀ ਜੀ ਲਾਜ਼ਮੀ ਤੌਰ ਤੇ ਸਿੱਖ ਰਾਜਨੀਤੀ ਵਿਚ ਕੁੱਦਣਗੇ ਕਿਉਂਕਿ ਸਿੱਖ ਰਾਜਨੀਤੀ ਦੇ ਹੀ ਉਹ ਮਾਹਰ ਹਨ ਤੇ ਇਹੋ ਉਨ੍ਹਾਂ ਨੂੰ ਵਾਰਾ ਖਾਂਦੀ ਹੈ। ਕੁਝ ਸਮਾਂ ਪਹਿਲਾਂ ਉਨ੍ਹਾਂ ਪੰਜਾਬ ਦੀ ਉਲਝੀ ਤਾਣੀ ਸਬੰਧੀ ਬਿਆਨ ਦੇ,ਰਾਜਧਾਨੀ ਦੇ ਮਹਿਲਾਂ ਵਿਚ ਹਿਲਜੁੱਲ ਪੈਦਾ ਕੀਤੀ ਸੀ ਕਿ ਜੇਕਰ ਪੰਜਾਬ ਦੇ ਮਸਲੇ ਬਾਰੇ ਉਨ੍ਹਾਂ ਦੀ ਸਲਾਹ ਲਈ ਜਾਂਦੀ ਤਾਂ ਇਹ ਪੁਆੜੇ ਨਹੀਂ ਸੀ ਪੈਣੇ,ਜੋ ਪੈ ਚੁੱਕੇ ਹਨ। ਇਸ ਗੱਲ ਨੂੰ ਹੀ ਆਧਾਰ ਬਣਾ ਕੇ ਹੋ ਸਕਦਾ ਹੈ ਗਿਆਨੀ ਜੀ ਮਸਲੇ ਦੇ ਹੱਲ ਲਈ ਰਾਜਨੀਤੀ ਵਿਚ ਕੁੱਦਣ। ਉਹ ਕਿਹੜਾ ਧੜਾ ਅਪਨਾਉਣਗੇ ਇਸ ਬਾਰੇ ਰਾਜਸੀ ਹਲਕੇ ਕੁੱਝ ਨਹੀਂ ਕਹਿ ਰਹੇ ਕਿਉਂਕਿ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੀ ਬਨਣੀ ਨਹੀਂ। ਪਰ ਇੰਦਰਾ ਗਾਂਧੀ ਦੇ ਕਾਤਲਾਂ ਨਾਲ ਉਹ ਖੜੋ ਨਹੀਂ ਸਕਦੇ। ਪਰ ਪੰਜਾਬ ਦੀ ਰਾਜਨੀਤੀ ਵਿਚ ਹਿਲਜੁੱਲ ਜ਼ਰੂਰ ਪੈਦਾ ਕਰ ਸਕਦੇ ਹਨ।

# ਚੋਣ ਝੜਪਾਂ ਵਿਚ 6 ਬੰਦੇ ਫਟੜ

ਸ੍ਰੀਨਗਰ:—ਨੈਸ਼ਨਲ ਕਾਨਫਰੰਸ ਤੇ ਯੂਨਾਈਟਿਡ ਫਰੰਟ ਵਰਕਰਾਂ ਵਿਚਕਾਰ ਝੜਪ ਹੋ ਜਾਣ ਕਾਰਨ 4 ਵਿਅਕਤੀ ਫੱਟੜ ਹੋ ਗਏ। ਝਗੜਾ ਉਸ ਸਮੇਂ ਹੋਇਆ ਜਦੋਂ ਦੋਹਾਂ ਧਿਰਾਂ ਦੇ ਹਾਮੀਆਂ ਨੇ ਇਕ ਦੂਜੇ ਦੇ ਬੈਨਰ ਅਤੇ ਝੰਡੇ ਉਤਾਰਨੇ ਸ਼ੁਰੂ ਕਰ ਦਿੱਤੇ। ਵਰਕਰਾਂ ਨੇ ਮੁਜਾਹਿਦ ਮਨਜ਼ਲ,ਜੋ ਨੈਸ਼ਨਲ ਕਾਨਫਰੰਸ ਦਾ ਹੈੱਡਕੁਆਰਟਰ ਹੈ,ਉਤੇ ਵੀ ਪਥਰਾਓ ਕੀਤਾ। ਜਦੋਂ ਪੁਲਸ ਲਾਠੀਚਾਰਜ ਰਾਹੀਂ ਲੜ ਰਹੇ ਵਰਕਰਾਂ ਨੂੰ ਖਿੰਡਾਉਣ ਵਿਚ ਅਸਫਲ ਰਹੀ ਤਾਂ ਉਸਨੇ ਹੰਝੂ ਗੈਸ ਦੀ ਵਰਤੋਂ ਕੀਤੀ। ਦੋਹਾਂ ਗਰੁੱਪਾਂ ਵਲੋਂ ਪਥਰਾਓ ਕੀਤੇ ਜਾਣ ਨਾਲ 4 ਪੁਲਸ ਵਾਲੇ ਫੱਟੜ ਹੋ ਗਏ। ਟਾਂਕੀਪੁਰਾ,ਸ਼ਾਹ ਮੁਹੱਲਾ,ਸੰਗਰਾਮਾ ਜ਼ਿਲਾ ਬਾਰਾਮੂਲਾ ਤੋਂ ਵੀ ਚੋਣ ਝੜਪਾਂ ਦੀਆਂ ਸੂਚਨਾਵਾਂ ਮਿਲੀਆਂ ਹਨ।

# ਅਫਰੀਕਾ ਦੇ ਗੋਰੇ ਕਾਤਲ ਨੂੰ ਸਜ਼ਾ

ਜੋਹਨਸਬਰਗ:—ਅਫਰੀਕਾ 'ਚ ਜੋਹਨਸਬਰਗ ਦੀ ਇਕ ਅਦਾਲਤ ਨੇ ਇਕ ਗੋਰੇ ਯੁਵਕ ਨੂੰ 5 ਸਾਲ ਦੀ ਕੈਦ ਸੁਣਾਈ ਹੈ। ਉਸ 'ਤੇ ਦੋਸ਼ ਸੀ ਕਿ ਉਸਨੇ ਇਕ ਕਾਲੀ ਔਰਤ ਨੂੰ ਕਾਰਹੇਠ ਦੇ ਕੇ ਮਾਰਿਆ।

18 ਸਾਲਾ ਜੋਹਨ ਨੇ ਮੰਨਿਆ ਕਿ ਉਸਨੇ ਪਾਰਕ 'ਚ ਸੁੱਤੀ ਪਈ ਮਾਰੀਆ ਰਾਮਤਸੀ ਉਪਰ ਦੋ ਵਾਰ ਕਾਰ ਚੜ੍ਹਾਈ। ਜੋਹਨ ਦਾ ਕਹਿਣਾ ਹੈ ਕਿ ਉਹਨੇ ਇਹ ਸਿਰਫ ਉਸ ਔਰਤ ਨੂੰ ਡਰਾਉਣ ਖਾਤਰ ਕੀਤਾ ਸੀ। ਉਸਨੂੰ ਹੋਈ 5 ਸਾਲ ਦੀ ਸਜ਼ਾ ਵਿਚੋਂ ਅੱਧੀ ਮੁਅੱਤਲ ਕਰ ਦਿਤੀ ਗਈ ਹੈ

# ਅੱਤਵਾਦ ਦੇ ਦੋਸ਼ 'ਚ ਛੁੱਟੀ 'ਤੇ ਆਏ ਸੱਤ ਫੌਜੀ ਗ੍ਰਿਫਤਾਰ

ਅੰਮ੍ਰਿਤਸਰ:—ਜ਼ਿਲਾ ਅੰਮ੍ਰਿਤਸਰ ਪੁਲਸ ਦੇ ਮੁਖੀ ਸ੍ਰੀ ਇਜ਼ਹਾਰ ਆਲਮ ਨੇ ਦਸਿਆ ਕਿ ਅੱਤਵਾਦੀ ਸਰਗਰਮੀਆਂ ਵਿਚ ਲਗੇ ਹੋਣ ਦੇ ਦੋਸ਼ ਵਿਚ ਫੌਜ ਦੇ 7 ਨੌਜਵਾਨ ਰੰਗਰੂਟਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧ ਵਿਚ ਸਬੰਧਿਤ ਫੌਜੀ ਯੂਨਿਟ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਵਿਚਲੇ ਅੱਤਵਾਦੀਆਂ ਨੇ ਉਪਰੋਕਤ ਜਵਾਨਾਂ ਨੂੰ ਅੱਤਵਾਦੀ ਸਰਗਰਮੀਆਂ ਵਿਚ ਸ਼ਾਮਿਲ ਕੀਤਾ ਅਤੇ ਉਨ੍ਹਾਂ ਤੋਂ ਜਦ ਉਹ ਛੁੱਟੀ ਤੇ ਆਏ ਹੋਏ ਸਨ,ਬੇਗੁਨਾਹਾਂ ਨੂੰ ਕਤਲ ਕਰਾਉਣ ਅਤੇ ਡਾਕੇ ਮਾਰਨ ਦਾ ਕੰਮ ਲਿਆ। ਸ੍ਰੀ ਦਰਬਾਰ ਸਾਹਿਬ ਆਏ ਤਾਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਕਾਬੂ ਕੀਤਾ ਅਤੇ ਪੱਟੀ ਪੜ੍ਹਾਈ ਅਤੇ ਅੱਤਵਾਦ ਦੇ ਕੰਮ ਵਿਚ ਲਗਾਇਆ। ਉਨ੍ਹਾਂ ਕਿਹਾ ਕਿ ਜੰਡਿਆਲਾ ਪੁਲਸ ਨੇ ਇਸ ਤਰ੍ਹਾਂ ਦੇ ਇਕ ਫੌਜੀ ਰੰਗਰੂਟ ਅਵਤਾਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਹ ਹੁਸ਼ਿਆਰਪੁਰ ਜ਼ਿਲੇ ਦਾ ਰਹਿਣ ਵਾਲਾ ਹੈ। ਉਸ ਨੇ ਕਥਿਤ ਤੌਰ ਤੇ ਮੰਨਿਆ ਹੈ ਕਿ ਉਸ ਨੇ ਇਕ ਬੇਗੁਨਾਹ ਨੂੰ ਕਤਲ ਕੀਤਾ ਅਤੇ ਦੂਸਰੇ ਦੀ ਹੱਤਿਆ ਕੀਤੀ। ਸ੍ਰੀ ਆਲਮ ਨੇ ਕਿਹਾ ਕਿ ਜੇ ਇਹ ਰੰਗਰੂਟ ਗ੍ਰਿਫਤਾਰ ਨਾ ਹੁੰਦੇ ਤਾਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਛੁੱਟੀਆਂ ਖਤਮ ਹੋਣ ਮਗਰੋਂ ਫੌਜ ਵਿਚ ਹਾਜ਼ਿਰ ਹੋਣ। ਇਨ੍ਹਾਂ ਸੱਤਾਂ ਫੌਜੀਆਂ ਵਿਰੁੱਧ ਕੇਸ ਦਰਜ ਕਰ ਲਏ ਗਏ ਹਨ। ਫੜੇ ਗਿਆਂ ਵਿਚੋਂ 3 ਦਾ ਕਮਾਂਡੋ ਫੋਰਸ ਨਾਲ ਤਿੰਨ ਦਾ ਖਾਲਿਸਤਾਨੀ ਆਰਮੀ ਨਾਲ ਅਤੇ ਇਕ ਦਾ ਬੱਬਰ ਖਾਲਸਾ ਨਾਲ ਸੀ। ਸ੍ਰੀ ਆਲਮ ਨੇ ਦਾਅਵਾ ਕੀਤਾ ਕਿ ਅੱਤਵਾਦੀ ਗਰੋਹਾਂ ਦੇ ਮੈਂਬਰਾਂ ਵਿਚੋਂ ਕੇਵਲ 10 ਫੀਸਦੀ ਹੀ ਖਾਲਿਸਤਾਨ ਦੇ ਹਾਮੀ ਹਨ ਜਦ ਕਿ 90 ਫੀਸਦੀ ਡਰ ਜਾਂ ਲਾਲਚ ਕਾਰਨ ਉਨ੍ਹਾਂ ਨਾਲ ਜੁੜੇ ਹੋਏ ਹਨ ਅਤੇ ਏਸੇ ਕਾਰਨ ਅਪਰਾਧ ਕਰਦੇ ਹਨ ਉਨ੍ਹਾਂ ਕਿਹਾ ਕਿ ਅਜਿਹੇ 40 ਫੀਸਦੀ ਡਰ ਅਤੇ ਮਜ਼ਬੂਰੀ ਕਾਰਨ ਅਪਰਾਧ ਦੇ ਰਸਤੇ ਪਏ ਹੋਏ ਹਨ ਜਦ ਕਿ 50 ਫੀਸਦੀ ਪੈਸੇ ਦੇ ਲਾਲਚ ਵਿਚ ਕਤਲ ਕਰਦੇ ਅਤੇ ਡਾਕੇ ਮਾਰਦੇ ਹਨ। ਕੁਝ ਹੋਰ ਲੋਕ ਹੀਰੋ ਬਣਨ ਦੀ ਇੱਛਾ ਨਾਲ ਹਿਸਕ ਵਾਰਦਾਤਾਂ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਅਨਪੜ੍ਹ ਅਤੇ ਕੁਝ ਕੁ ਘੱਟ ਪੜ੍ਹੇ ਲਿਖੇ ਹਨ। ਐਸ.ਐਸ.ਪੀ.ਨੇ ਦਸਿਆ ਕਿ 7 ਮਾਰਚ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਜੋ 7 ਵਿਅਕਤੀ ਫੜੇ ਗਏ ਸਨ ਉਨ੍ਹਾਂ ਵਿਚੋਂ ਇਕ ਦਾ ਨਾਂਅ ਕਾਰਜ ਸਿੰਘ ਹੈ। ਉਸਨੇ ਖੁੱਬਾਂ ਪਿੰਡ ਵਿਚ 8 ਬੰਦਿਆਂ ਦੇ ਕਤਲ ਵਿਚ ਹਿੱਸੇਦਾਰ ਹੋਣ ਦੀ ਗੱਲ ਮੰਨੀ ਹੈ


**Rokko Sarees & Fabrics**

**6201-6205 Fraser St., Vancouver, B.C. V5W 3A2**

**Tel: (604) 327-3033**

**ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ**

**ਖੁੱਲ੍ਹਾ ਰਹਿੰਦਾ ਹੈ**

**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ**

**ਸਪੈਸ਼ਲ ਸਪੈਸ਼ਲ ਸੇਲ** ਲੱਗਦੀ ਹੈ



ROKKO SAREES

**ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ**

IMPORTERS • MANUFACTURERS REPRESENTATIVES • EXPORTERS

# ਅਮਿਤਾਭ ਯੂ.ਪੀ.ਦਾ ਮੁਖ ਮੰਤਰੀ ਬਣੇਗਾ ?



ਦਿੱਲੀ:—ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਇੱਛਾ ਹੈ ਕਿ ਫਿਲਮੀ ਕਲਾਕਾਰ ਅਮਿਤਾਭ ਬਚਨ ਨੂੰ ਯੂ.ਪੀ.ਦਾ ਮੁੱਖ ਮੰਤਰੀ ਬਣਾ ਦਿਤਾ ਜਾਏ ਤਾਂ ਜੋ ਭਾਰਤ ਦੇ ਸਭ ਤੋਂ ਵੱਡੇ ਅਹਿਮ ਸੂਬੇ ਦੀ ਵਾਗਡੋਰ ਉਸਨੂੰ ਸੰਭਾਲ ਕੇ ਆਪਣੇ ਪਾਰਲੀਮੈਂਟਰੀ ਹਲਕੇ ਅਤੇ ਕਾਂਗਰਸ ਦੀਆਂ ਜਿੱਤਾਂ ਨੂੰ ਸੁਰੱਖਿਅਤ ਬਣਾਇਆ ਜਾ ਸਕੇ। ਪ੍ਰਧਾਨ ਮੰਤਰੀ ਨੂੰ ਖਤਰਾ ਹੈ ਕਿ ਇਸ ਸਮੇਂ ਕਾਂਗਰਸ(ਇ)ਵਿਚ ਜੋ ਬਗਾਵਤ ਦਾ ਚੱਕਰ ਚਲ ਰਿਹਾ ਹੈ ਯੂ.ਪੀ.ਨੂੰ ਕਿਸੇ ਨਾ ਕਿਸੇ ਤਰ੍ਹਾਂ ਉਸਤੋਂ ਬਚਾਇਆ ਜਾ ਸਕੇ।

ਕਿਹਾ ਜਾਂਦਾ ਹੈ ਕਿ ਰਾਜੀਵ ਗਾਂਧੀ ਅਤੇ ਅਮਿਤਾਭ ਬਚਨ ਬਚਪਨ ਤੋਂ ਕਿੰਡਰ ਗਾਰਡਨ ਤੋਂ ਹੀ ਦੋਸਤ ਹਨ ਤੇ ਇਹ ਦੋਸਤੀ ਹਾਲਾਂ ਤੱਕ ਮੱਧਮ ਨਹੀਂ ਪਈ। ਵੈਸੇ ਵੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ,ਅਮਿਤਾਭ ਬਚਨ ਦੀ ਹਰ ਸਲਾਹ ਮੰਨਦੇ ਹਨ। ਦੱਸਿਆ ਜਾਂਦਾ ਹੈ ਕਿ ਖਜ਼ਾਨਾ ਮੰਤਰੀ ਵੀ.ਪੀ.ਸਿਘ ਨੂੰ ਵੀ ਅਮਿਤਾਭ ਨੇ ਹੀ ਵਿੱਤ ਵਜ਼ਾਰਤ ਵਿਚੋਂ ਕੱਢਵਾਇਆ ਹੈ ਕਿਉਂਕਿ ਵੀ.ਪੀ.ਸਿੰਘ ਦੇ ਸਮੇਂ ਵਿਚ ਹੀ ਵਿੱਤ ਵਜ਼ਾਰਤ ਦੇ ਅਧਿਕਾਰੀਆਂ ਹੁਕਮ ਨਾਲ ਅਮਿਤਾਭ ਬਚਨ ਦੇ ਭਰਾ ਅਜੀਤਾਭ ਬਚਨ ਦੇ ਮਾਲੀ ਮਾਮਲਿਆਂ ਦੀ ਪੜਤਾਲ ਹੋਈ ਸੀ।

# ਪੱਛਮੀ ਬੰਗਾਲ 'ਚ ਇੰਕਾ ਦਾ ਮੁਖ ਨਿਸ਼ਾਨਾ ਪ੍ਰਣਾਬ ਦੀ ਪਾਰਟੀ ਨੂੰ ਹਰਾਉਣਾ

ਨਵੀਂ ਦਿੱਲੀ:—ਇੰਕਾ ਨੇ ਲੱਗਪੱਗ ਮੰਨ ਲਿਆ ਹੈ ਕਿ ਪੱਛਮੀ ਬੰਗਾਲ ਦਾ ਚੋਣ ਨਤੀਜਾ ਉਸਦੇ ਪੱਖ ਵਿਚ ਨਹੀਂ ਆਉਣ ਵਾਲਾ ਇਸ ਲਈ ਉਥੇ ਚੋਣ ਪ੍ਰਚਾਰ ਦੇ ਲਈ ਜਾਣ ਵਿਚ ਜ਼ਿਅ·ਦਾਤਰ ਚੁਣੇ ਹੋਏ ਆਗੂ ਦਿਲਚਸਪੀ ਨਹੀਂ ਦਿਖਾ ਰਹੇ ਹਨ। ਕਲਾਕਾਰ ਰਾਜੇਸ਼ ਖੰਨਾ ਨੇ ਆਪ ਹੀ ਚੋਣ ਪ੍ਰਚਾਰ ਦੇ ਲਈ ਪੱਛਮੀ ਬੰਗਾਲ ਜਾਣ ਦੀ ਇੱਛਾ ਪ੍ਰਗਟਾਈ ਸੀ ਪਰ ਸਥਾਨਕ ਲੋਕਾਂ ਦੇ ਸਹਿਯੋਗ ਦੇ ਬਿਨਾਂ ਉਹ ਕੁਝ ਕਰ ਸਕਣ ਦੇ ਅਯੋਗ ਹੈ ਕਿਸੇ ਚੋਣ ਸਭਾ ਵਿਚ ਉਹ ਭਾਸ਼ਨ ਨਹੀਂ ਕਰ ਸਕਿਆ।

ਪਾਰਟੀ ਦੇ ਮੁਤਾਬਕ ਰਾਜੀਵ ਗਾਂਧੀ ਨੇ ਸਵੀਕਾਰ ਕੀਤਾ ਹੈ ਕਿ ਪੱਛਮੀ ਬੰਗਾਲ ਵਿਚ ਸਰਕਾਰ ਤਾਂ ਮਾਰਕਸਵਾਦੀਆਂ ਦੀ ਹੀ ਬਣੇਗੀ ਪਰ ਕਾਂਗਰਸ ਦਾ ਅਸਲੀ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਪੱਛਮੀ ਬੰਗਾਲ ਵਿਚ ਪ੍ਰਣਾਬ ਮੁਖਰਜੀ ਦੀ ਪਾਰਟੀ ਅਤੇ ਉਨ੍ਹਾਂ ਦੇ ਮੋਰਚੇ ਨੂੰ ਇਕ ਵੀ ਸੀਟ ਨਾ ਮਿਲਣ ਦਿਤੀ ਜਾਵੇ। ਉਥੇ ਮੁਖਰਜੀ ਦੀ ਰਾਸ਼ਟਰੀਆ ਸਮਾਜਵਾਦੀ ਕਾਂਗਰਸ ਦੇ 103 ਉਮੀਦਵਾਰ ਹਨ। ਬਾਕੀ ਦੇ ਉਮੀਦਵਾਰ ਉਨ੍ਹਾਂ ਨੇ ਜਨਤਾ ਪਾਰਟੀ ਦੇ ਮੋਰਚੇ ਨਾਲ ਮਿਲ ਕੇ ਖੜ੍ਹੇ ਕੀਤੇ ਹਨ। ਸ੍ਰੀ ਗਾਂਧੀ ਨੇ ਕਾਂਗਰਸੀਆਂ ਨੂੰ ਇਹ ਤੈਅ ਕਰਨ ਲਈ ਕਿਹਾ ਹੈ ਕਿ ਸ੍ਰੀ ਮੁਖਰਜੀ ਦਾ ਇਕ ਵੀ ਉਮੀਦਵਾਰ ਜਿਤ ਕੇ ਨਾ ਜਾਵੇ। ਉਮੀਦਵਾਰ ਜਿਤ ਕੇ ਨਾ ਜਾਵੇ ਸੂਤਰਾਂ ਅਨੁਸਾਰ ਕੇ.ਕੇ.ਤਿਵਾੜੀ ਨੇ ਕੇਂਦਰ ਰਾਜ ਮੰਤਰੀ ਪ੍ਰਿਆਰੰਜਨ ਦਾਸ ਮੁਨਸ਼ੀ ਦੇ ਸਹਿਯੋਗੀ ਸੁਬਰਤ ਮੁਖਰਜੀ ਦੇ ਅਸਹਿਯੋਗ ਦਾ ਜ਼ਿਕਰ ਕੀਤਾ ਪਰ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਹ ਸੁਬਰਤ ਮੁਖਰਜੀ ਨਾਲ ਗੱਲ ਕਰ ਚੁੱਕੇ ਹਨ।

ਪ੍ਰਣਾਬ ਮੁਖਰਜੀ ਦੇ ਲਈ ਇਹ ਚੋਣ ਵਾਟਰਲੂ ਤੋਂ ਘੱਟ ਨਹੀਂ ਹੈ। ਉਹ ਅਤੇ ਉਸਦੀ ਪੂਰੀ ਫੌਜ ਯਾਨੀ ਪ੍ਰਕਾਸ਼ ਮੇਹਰੋਤਰਾ,ਗੁੰਡਰਾਓ ਅਤੇ ਐਫ.ਐਮ.ਖਾਨ ਅਲੱਗ ਅਲੱਗ ਮੁਦਿਆਂ ਉਤੇ ਵੋਟ ਖਿਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਚੋਣ ਤੇ ਨਵੀਂ ਬਣੀ ਰਾਸ਼ਟਰੀਆ ਸਮਾਜਵਾਦੀ ਕਾਂਗਰਸ ਦਾ ਭਵਿੱਖ ਟਿਕਿਆ ਹੋਇਆ ਹੈ।

ਪਰ ਕਾਂਗਰਸ ਦਾ ਵੀ ਇਸ ਚੋਣ ਵਿਚ ਬੁਾ ਹਾਲ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਅਤੇ ਪ੍ਰਿਆਰੰਜਨ ਦਾਸ ਮੁਨਸ਼ੀ ਦੇ ਵਿਚਾਲੇ ਦੀ ਜੰਗ ਵਿਚ ਕਈ ਥਾਵਾਂ ਤੇ ਚੋਣ ਪ੍ਰਚਾਰ ਅਜੇ ਤਾਈਂ ਸ਼ੁਰੂ ਨਹੀਂ ਹੋ ਸਕਿਆ।

## ਹੜ੍ਹ ਨਾਲ 19 ਮੌਤਾਂ

ਮਾਸਕੋ:—ਸੋਵੀਅਤ ਯੂਨੀਅਨ ਦੇ ਰਾਜ ਤਾਜਿਕਸਤਾਨ ਵਿਚ ਭਾਰੀ ਵਰਖਾ ਹੋਣ ਦੇ ਨਾਲ ਇਕ ਬੰਨ੍ਹ ਟੁੱਟਣ 'ਤੇ ਇਕ ਪਿੰਡ 'ਚ ਪਾਣੀ ਭਰ ਗਿਆ ਜਿਸ ਨਾਲ ਘੱਟੋ ਘੱਟ 19 ਵਿਅਕਤੀ ਮਰ ਗਏ।

ਸੋਵੀਅਤ ਖਬਰ ਏਜੰਸੀ ਤਾਸ ਅਨੁਸਾਰ 6 ਵਿਅਕਤੀ ਜ਼ਖਮੀ ਹੋਏ ਜਦ ਕਿ 11 ਹੋਰ ਗੁੰਮ ਹੋਏ ਵਿਅਕਤੀ ਜੀਵਤ ਮਿਲ ਗਏ ਹਨ।

---

ਅਮਿਤਾਭ ਬਚਨ ਦੇ ਸ਼ਰੀਕਾਂ ਦਾ ਖਿਆਲ ਹੈ ਕਿ ਜੇ ਅਮਿਤਾਭ ਬਚਨ ਯੂ.ਪੀ.ਦਾ ਮੁੱਖ ਮੰਤਰੀ ਬਣ ਗਿਆ ਤਾਂ ਫਿਰ ਉਹ ਕਦੇ ਪ੍ਰਧਾਨ ਮੰਤਰੀ ਵੀ ਬਣ ਸਕੇਗਾ। ਕਿਉਂਕਿ ਭਾਵੇਂ ਉਹ ਫਿਲਮੀ ਹੀਰੋ ਹੈ ਤੇ ਸਿਆਸਤ ਦਾ ਉਸਨੂੰ ਬਹੁਤਾ ਤਜਰਬਾ ਨਹੀਂ ਪਰ ਅੱਜਕੱਲ੍ਹ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਜਿਹੋ ਜਿਹਾ ਸਲਾਹਕਾਰਾਂ ਦੀ ਲੋੜ ਹੈ,ਉਹੋ ਜਿਹਾ ਸਲਾਹਕਾਰ ਅਮਿਤਾਭ ਜ਼ਰੂਰ ਹੈ।

## ਅੱਤਵਾਦੀ ਪਾਦਰੀ

ਪਕੀਸੀ ਰੋਸ(ਸਪੇਨ):—ਇਥੋਂ ਦੀ ਪੁਲੀਸ ਨੇ ਇਕ ਅਜਿਹੇ ਪਾਦਰੀ ਨੂੰ ਗ੍ਰਿਫਤਾਰ ਕੀਤਾ ਹੈ,ਜਿਸਨੇ ਇਕ ਔਰਤ ਦੇ ਜਨਾਜ਼ੇ ਨੂੰ ਲਈ ਜਾਂਦੇ ਲੋਕਾਂ 'ਤੇ ਗੋਲੀ ਚਲਾ ਦਿੱਤੀ।

ਫਾਦਰ ਇਲਾਡੋ ਬਲਾਂਕੋ ਨੇ ਇਹ ਗੋਲੀ ਉਦੋਂ ਚਲਾਈ। ਜਦੋਂ ਉਸਤੇ ਔਰਤ ਦੇ ਜਨਾਜ਼ੇ ਦੇ ਨਾਲ ਜਾਣ ਲਈ ਜ਼ੋਰ ਪਾਇਆ ਗਿਆ। ਪਾਦਰੀ ਦਾ ਖਿਆਲ ਸੀ ਕਿ ਇਹ ਔਰਤ ਚਰਚ ਨਹੀਂ ਜਾਂਦੀ ਸੀ। ਇਸ ਕਰਕੇ ਉਹਨੇ ਦਫਨਾਗਾਹ ਤੱਕ ਜਾਣ ਤੋਂ ਇਨਕਾਰ ਕਰ ਦਿੱਤਾ। ਲੋਕਾਂ ਨੇ ਪਾਦਰੀ 'ਤੇ ਜ਼ੋਰ ਪਾਇਆ ਤਾਂ ਉਹਨੇ ਗੁੱਸੇ 'ਚ ਆ ਕੇ ਗੋਲੀ ਚਲਾ ਦਿੱਤੀ। ਜਿਸ ਨਾਲ ਇਕ ਵਿਅਕਤੀ ਜ਼ਖਮੀ ਹੋ ਗਿਆ।

ਬਾਅਦ ਵਿਚ ਪੁਲੀਸ ਨੇ 49 ਸਾਲਾ ਇਸ ਪਾਦਰੀ ਨੂੰ ਉਸਦੇ ਘਰੋਂ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਵੇਲੇ ਪੁਲੀਸ ਨੂੰ ਪਾਦਰੀ ਦੇ ਘਰੋਂ ਇਕ ਸਬ-ਮਸ਼ੀਨਗੰਨ,ਤਿੰਨ ਰਾਈਫਲਾਂ,ਤਿੰਨ ਪਿਸਤੌਲ ਅਤੇ ਚਾਰ ਸ਼ਾਟ ਗੰਨਾਂ ਵੀ ਮਿਲੀਆਂ।


Makanji
JEWELLERS LTD.

I.S.M.M.

**Largest 22Kt Gold Jewellery**

Manufacturers and Retailers

**In North America**

**Vancouver ■ Tornoto**

**Custom Made 22 Kt Gold Jewellery**

6644 Main St., Vancouver, B.C. V5X 3H3

(604) 324-7646

Tornoto (416) 469-0505

Free 1-800-663-MASA (B.C. & Alberta)

Vancouver Gold Line (604) 324-6696

1448 Gerrard St., East, Toronto, Ontario, CANADA M4L 1Z8

# ਲੋਕ ਦਲ ਹਰਿਆਣਾ 'ਚ ਪੰਜਾਬ ਵਰਗੇ ਹਾਲਾਤ ਪੈਦਾ ਕਰਨਾ ਚਾਹੁੰਦਾ ਹੈ—ਬੰਸੀ

ਚੰਡੀਗੜ੍ਹ:—ਹਰਿਆਣਾ ਦੇ ਮੁਖ ਮੰਤਰੀ ਸ੍ਰੀ ਬੰਸੀ ਲਾਲ ਨੇ ਲੋਕ ਦਲ ਤੇ ਦੋਸ਼ ਲਇਆ ਹੈ ਕਿ ਲੋਕ ਦਲ ਲੋਕਾਂ ਨੂੰ ਭੜਕਾ ਕੇ ਪ੍ਰਦੇਸ਼ ਵਿਚ ਪੰਜਾਬ ਵਰਗੀ ਸਥਿਤੀ ਪੈਦਾ ਕਰਨੀ ਚਾਹੁੰਦਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁਖ ਮੰਤਰੀ ਨੇ ਕਿਹਾ ਕਿ ਲੋਕ ਦਲ ਦੀ ਲੀਡਰਸ਼ਿਪ ਦੀ ਸਿਆਸਤ ਜ਼ਾਤਪਾਤ ਤੇ ਆਧਾਰਤ ਹੈ ਅਤੇ ਉਨ੍ਹਾਂ ਦੀ ਲੜਾਈ ਸਿਧਾਂਤਾਂ ਦੀ ਥਾਂ ਕੁਰਸੀਆਂ ਲਈ ਹੈ। ਇਕ ਪ੍ਰਸ਼ਨ ਦੇ ਉਤਰ ਵਿਚ ਮੁਖ ਮੰਤਰੀ ਨੇ ਕਿਹਾ ਕਿ ਪ੍ਰਦੇਸ਼ ਅਸੰਬਲੀ ਦੀਆਂ ਚੋਣਾਂ ਸਮੇਂ ਸਿਰ ਹੋਣਗੀਆਂ ਪਰ ਇਸ ਲਈ ਮਿਤੀ ਦਾ ਫੈਸਲਾ ਕਰਨਾ ਮੁਖ ਚੋਣ ਕਮਿਸ਼ਨ ਦਾ ਕੰਮ ਹੈ। ਵਰਤਮਾਨ ਵਿਧਾਨ ਸਭਾ ਦੀ ਮਿਆਦ 25 ਜੂਨ ਨੂੰ ਖਤਮ ਹੋ ਰਹੀ ਹੈ। ਮੁਖ ਮੰਤਰੀ ਨੇ ਕਿਹਾ ਕਿ ਆਉਂਦੀਆਂ ਅਸੰਬਲੀ ਚੋਣਾਂ ਵਿਚ ਕਾਂਗਰਸ (ਆਈ)90 ਮੈਂਬਰੀ ਹਾਊਸ ਵਿਚ 70 ਤੋਂ ਵੱਧ ਸੀਟਾਂ ਤੇ ਕਬਜ਼ਾ ਕਰਨ ਵਿਚ ਸਫਲ ਹੋ ਜਾਏਗੀ। ਸ੍ਰੀ ਬੰਸੀ ਲਾਲ ਨੇ ਚੌਧਰੀ ਦੇਵੀ ਲਾਲ ਤੇ ਦੋਸ਼ ਲਾਇਆ ਕਿ ਉਹ ਹਰਿਆਣਾ ਦੇ ਹਿਤਾਂ ਦੇ ਖਿਲਾਫ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦ ਚੌਧਰੀ ਦੇਵੀ ਲਾਲ ਜਨਤਾ ਪਾਰਟੀ ਦੀ ਸਰਕਾਰ ਦੇ ਮੁਖ ਮੰਤਰੀ ਸਨ ਤਾਂ ਉਨ੍ਹਾਂ ਸਤਲੁਜ—ਯਮਨਾ ਲਿੰਕ ਨਹਿਰ ਦੇ ਕੰਮ ਨੂੰ ਤੇਜ਼ੀ ਨਾਲ ਚਲਾਉਣ ਲਈ ਕੁਝ ਨਹੀਂ ਕੀਤਾ ਸੀ। ਹੋਰ ਸੂਚਨਾ ਅਨੁਸਾਰ ਸ੍ਰੀ ਬੰਸੀ ਲਾਲ ਨੇ ਹਰਿਆਣਾ ਦਾ ਇਹ ਸਟੈਂਡ ਦੁਹਰਾਇਆ ਕਿ ਪੰਜਾਬ ਨੂੰ ਚੰਡੀਗੜ੍ਹ ਉਸੇ ਦਿਨ ਮਿਲ ਸਕਦਾ ਹੈ ਜਿਸ ਦਿਨ ਉਹ ਉਸ ਸ਼ਹਿਰ ਦੇ ਬਦਲੇ ਹਰਿਆਣਾ ਨੂੰ 70000 ਏਕੜ ਭੂਮੀ ਦੇ ਦੇਂਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਦੀ ਨਵੀਂ ਰਾਜਧਾਨੀ ਕੇਂਦਰ ਆਪਣੇ ਖਰਚੇ ਤੇ ਉਸਾਰਕੇ ਦੇਵੇਗਾ। ਸ੍ਰੀ ਬੰਸੀ ਲਾਲ ਨੇ ਹੋਰ ਕਿਹਾ ਕਿ ਕਾਲਕਾ ਤੋਂ ਲੈ ਕੇ ਪਠਾਨਕੋਟ ਤੱਕ ਦਾ ਇਲਾਕਾ ਹਿੰਦੀ-ਭਾਸ਼ੀ ਹੈ ਅਤੇ ਉਹ ਹਰਿਆਣਾ ਨਾਲ ਲਗਦੇ ਹੋਣ ਦੀ ਸ਼ਰਤ ਵੀ ਪੂਰੀ ਕਰਦਾ ਹੈ।

**ਆਦਮੀ ਕੇਵਲ ਉਸ ਸਮੇਂ ਹੀ ਸਹੀ ਤੌਰ 'ਤੇ ਆਜ਼ਾਦ ਹੁੰਦਾ ਹੈ ਜਦੋਂ ਉਹ ਸਾਰੇ ਕੰਮ ਬਿਨਾਂ ਕਿਸੇ ਸੁਆਰਥ ਤੋਂ ਕਰਦਾ ਹੈ।**

## ਕੈਪਟਨ ਵਲੋਂ ਟੀ.ਵੀ.'ਤੇ ਬਹਿਸ ਮਰਨ ਦੀ ਮੰਗ

ਪਟਿਆਲਾ:—ਕੈਪਟਨ ਅਮਰਇੰਦਰ ਸਿੰਘ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਟੈਲੀਵੀਜ਼ਨ 'ਤੇ ਪੰਜਾਬ ਬਾਰੇ ਬਹਿਸ ਕਰਨ ਦੀ ਇਜ਼ਾਜ਼ਤ ਦਿਤੀ ਜਾਵੇ। ਕੇਂਦਰੀ ਸੂਚਨਾ ਅਤੇ ਪ੍ਰਧਾਨ ਮੰਤਰੀ ਸ੍ਰੀ ਅਜੀਤ ਪੰਜਾ ਨੂੰ ਇਕ ਚਿੱਠੀ ਲਿਖੀ 'ਚ ਇਹ ਮੰਗ ਕੀਤੀ ਗਈ ਹੈ। ਚਿੱਠੀ 'ਚ ਕਿਹਾ ਗਿਆ ਹੈ ਕਿ ਇਕ ਮੈਂਬਰ ਸਾਡੀ ਪਾਰਟੀ ਦਾ ਹੋਵੇਗਾ 'ਤੇ ਬਾਕੀ ਸਰਕਾਰ ਦੀ ਮਰਜ਼ੀ ਦੇ ਹੋ ਸਕਦੇ ਹਨ।

ਸੰਯੁਕਤ ਅਕਾਲੀ ਦਲ ਦੇ ਨੇਤਾ ਕੈਪਟਨ ਅਮਰਇੰਦਰ ਸਿੰਘ ਨੇ ਹੋਰ ਕਿਹਾ ਕਿ ਦਲ ਵਲੋਂ ਦੂਸਰੇ ਰਾਜਾਂ ਵਿਚ ਕਾਨਫਰੰਸਾਂ ਕਰਨ ਦਾ ਪਰੋਗਰਾਮ ਵੀ ਬਣਾਇਆ ਗਿਆ ਹੈ। ਇਨ੍ਹਾਂ ਕਾਨਫਰੰਸਾਂ ਦਾ ਮੁਖ ਉਦੇਸ਼ ਪੰਜਾਬ ਤੋਂ ਬਾਹਰ ਵਸਦੇ ਦੂਸਰੇ ਰਾਜਾਂ ਦੇ ਲੋਕਾਂ ਨੂੰ ਪਾਰਟੀ ਦੇ ਸਟੈਂਡ ਤੋਂ ਜਾਣੂ ਕਰਾਉਣਾ ਹੈ। ਅਜਿਹੀ ਪਹਿਲੀ ਕਾਲਫਰੰਸ ਬੰਬਈ 'ਚ ਕਰਨ ਦਾ ਫੈਸਲਾ ਕੀਤਾ ਗਿਆ ਹੈ ਜੋ ਵਿਸਾਖੀ ਸਮੇਂ ਕੀਤੀ ਜਾਵੇਗੀ।

ਪੰਜਾਬ 'ਚ ਹੋ ਰਹੀਆਂ ਸਰਬ ਪਾਰਟੀ ਰੈਲੀਆਂ ਬਾਰੇ ਬੋਲਦਿਆਂ ਅਮਰਇੰਦਰ ਸਿੰਘ ਨੇ ਕਿਹਾ ਕਿ ਇਹ ਸਿਲਸਿਲਾ ਹਾਲਾਤ ਸੁਧਾਰਨ ਦੀ ਥਾਂ ਵਿਗਾੜੇਗਾ। ਇਸ ਨਾਲ ਟਕਰਾਓ ਵੀ ਵਧ ਜਾਏਗਾ। ਕੈਪਟਨ ਨੇ ਖੱਬੇ ਪੱਖੀ ਪਾਰਟੀਆਂ ਦੇ ਵਰਕਰਾਂ ਨੂੰ ਹਥਿਆਰਾਂ ਦੇ ਲਾਇਸੰਸ ਦੇਣ ਦੀ ਵੀ ਵਿਰੋਧਤਾ ਕੀਤੀ ਅਤੇ ਕਿਹਾ ਕਿ ਇਸ ਨਾਲ ਘਰੇਲੂ ਯੁੱਧ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ।

ਅਮਰਇੰਦਰ ਸਿੰਘ ਨੇ ਪੰਜਾਬ 'ਚ ਹੋ ਰਹੀਆਂ ਹੱਤਿਆਵਾਂ ਦੀ ਵੀ ਨਿੰਦਾ ਕੀਤੀ। ਬਰਨਾਲਾ 'ਤੇ ਵੀ ਦੋਸ਼ ਲਾਇਆ ਗਿਆ ਹੈ ਕਿ ਉਹ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

## ਸਿਆਸੀ ਘਰੂਟ— ਘਰੂਟਾਂ ਵਾਲੇ ਦੀ ਕਲਮ ਤੋਂ

● ਸਰਕਾਰੀ ਕਾਨਫਰੰਸਾਂ----ਗੱਪਸਤਾਨ

— ਸਰਕਾਰੀ ਅਕਾਲੀਆਂ ਦੀਆਂ ਕਾਨਫਰੰਸਾਂ ਤਾਂ ਸਰਕਾਰੀ ਹੋਣੀਆਂ ਹੀ ਹਨ-ਜੇ ਖਾਲਿਸਤਾਨੀ ਸਰਕਾਰ ਬਣ ਜਾਏ ਤਾਂ ਕਾਨਫਰੰਸ ਫਿਰ ਵੀ ਸਰਕਾਰੀ'ਹੀ ਹੋਣਗੀਆਂ !

● ਪੁੱਠਾ ਕੰਮ----

— ਵਾਰਿਸ਼ ਸ਼ਾਹ ਨਾ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਨੀ।

● ਸੰਧੂ ਅਸੈਂਬਲੀ ਵਿਚ ਸ਼ਾਮਲ

— ਵਿਚਾਰੇ ਦੀ ਹਾਲਤ ਤੇਰੇ ਵਰਗੀ ਹੀ ਹੈ। ਹਾਈਕੋਰਟ ਵਿਚ ਕੁੱਝ ਹੋਰ ਕਹਿੰਦਾ ਹੈ ਤੇ ਰਾਗੀ ਸਿੰਘ ਮੂਹਰੇ ਕੁੱਝ ਹੋਰ।

● ਗੱਪੀ----

— ਕੋਈ ਸ਼ੱਕ ਦੀ ਗੁੰਜ਼ਾਇਸ਼ ਬਾਕੀ ਹੈ ?

● ਅਸਲੀਅਤ----

— ਉਘੜ ਕੇ ਸਾਹਮਣੇ ਆ ਗਈ ਹੈ!

● ਅੱਤਵਾਦੀਆਂ ਦੀ ਪਨਾਹਗਾਹ ---

— ਹੁਣ ਬਦਲ ਗਈ ਹੈ ?

● ਮੁਖਬਰੀ----

— ਏਸੇ ਕਾਰਨ ਹੀ ਸਭ ਦੀ ਪੜਤਾਲ ਹੋ ਰਹੀ ਹੈ !

● ਜੁਝਾਰੂਆਂ ਦੀ ਗਹਿਰੀ ਚਾਲ----

— ਜਿਹੜੀ ਤੂੰ ਸ਼ਰੇ—ਆਮ ਨਸ਼ਰ ਕਰ ਦਿਤੀ !

● ਸਰਕਾਰ ਦੇ ਵਿਚਾਰ ਅਧੀਨ----

— ਕਿ ਤੈਨੂੰ ਮੌਕਾਪ੍ਰਸਤ ਪੱਤਰਕਾਰੀ ਦਾ ਤਮਗਾ ਦਿਤਾ ਜਾ ਰਿਹਾ ਹੈ !

● ਖਾਲਿਸਤਾਨ ਬਣਨ ਦਾ ਸਵਾਲ ਹੀ ਨਹੀਂ----

— ਫੇਰ ਕਿਉਂ ਐਵੇਂ ਭਕਾਈ ਮਾਰੀ ਜਾਨੈਂ !

● ਖਾਲਿਸਤਾਨ ਵਿਰੁੱਧ ਫਤਵਾ----

— ਸਿਮਰਨਜੀਤ ਸਿੰਘ ਮਾਨ,ਬਾਬਾ ਜੋਗਿੰਦਰ ਸਿੰਘ,ਰਾਗੀ ਦਰਸ਼ਨ ਸਿੰਘ ਤੇ ਗੁਰਜੀਤ ਸਿੰਘ ਨੇ ਤਾਂ ਦੇ ਦਿਤਾ ਹੈ-ਵਿਦੇਸ਼ੀ ਗੁਰੂ ਘੰਟਾਲ ਨਾ ਸੁਣਨ ਤਾਂ ਕਸੂਰ ਕਿਸਦਾ ਹੈ ?

● ਅਮਰੀਕੀ ਜਾਸੂਸ----

— ਆਪਣੀ ਕਮਿਊਨਿਟੀ ਵਿਚ ਵੀ ਹਨ ?

● ਸ਼ਰਾਬ ਕੱਢਣ 'ਤੇ ਜੇਲ੍ਹ----

— ਤੇ ਪੀਣ 'ਤੇ ਖਰੂਦ !

● ਗਊਆਂ ਦੀ ਪੂਛਾਂ ਸੁਟੀਆਂ----

— ਹੋਰ ਗਿਆਨੀ ਜ਼ੈਲ ਸਿੰਘ ਦੇ ਚੇਲੇ ਕਰ ਵੀ ਕੀ ਸਕਦੇ ਹਨ ?

## ਫੌਜੀ ਹੱਥੋਂ ਫੌਜੀ ਹਲਾਕ

ਬਟਾਲਾ:—ਇਥੋਂ ਥੋੜ੍ਹੀ ਦੂਰ ਕੋਟ ਕਰਮਚੰਦ ਪਿੰਡ ਲਾਗੇ ਫੌਜੀ ਕੈਂਪ ਵਿਚ ਇਕ ਫੌਜੀ ਜਵਾਨ ਨੂੰ ਕਥਿਤ ਤੌਰ ਤੇ ਉਹਦੇ ਸੀਨੀਅਰ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਪੁਲਸ ਨੇ ਮੁਖਾ ਸਿੰਘ ਨੂੰ ਕਤਲ ਕਰਨ ਦੇ ਦੋਸ਼ ਵਿਚ ਗਿਰਧਾਰੀ ਸਿੰਘ ਨੂੰ ਸਰਵਿਸ ਰਿਵਾਲਵਰ ਸਮੇਤ ਗ੍ਰਿਫਤਾਰ ਕਰ ਲਿਆ।

**Sidhu Sweet & Snack Shop**

9371- 120 St. Delta, B.C.

**Ph. 588-5512**

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

**ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ**

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512

**A.M.C. Carpet Ltd.**

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**

**'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ**

**SUBSCRIPTION FORM**

To **The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..............................................
Address..........................................
City.................................................
Province.........................................
Postal code.....................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ......................... | 100 dollars [a year] |

# ਪੰਜਾਬੀਆਂ ਦਾ ਮਾਣ— ਨਰੇਸ਼ ਸ਼ੁਕਲਾ

ਵੈਨਕੂਵਰ:—ਵਿਦੇਸ਼ਾਂ ਵਿਚ ਪੰਜਾਬੀਆਂ ਦੇ ਕਾਰਨਾਮਿਆਂ ਤੋਂ ਕੌਣ ਜਾਣੂ ਨਹੀਂ। ਪੰਜਾਬੀ ਕਿਰਦਾਰ ਉਦਮੀ ਤੇ ਸਾਹਸੀ ਹੈ। ਨਰੇਸ਼ ਸ਼ੁਕਲਾ ਵੀ ਉਨ੍ਹਾਂ ਪੰਜਾਬੀਆਂ ਵਿਚੋਂ ਹਨ ਜਿਨ੍ਹਾਂ ਨੇ ਕੁਝ ਸਾਲਾਂ ਵਿਚ ਹੀ ਵਪਾਰ ਨੂੰ ਛੋਟੇ ਪੈਮਾਨੇ ਤੋਂ ਸ਼ੁਰੂ ਕਰਕੇ ਬੁਲੰਦੀਆਂ ਤੱਕ ਪੁਚਾਇਆ ਹੈ। ਪੰਜਾਬੀ ਮਾਰਕਿਟ ਵਿਚ ਬੰਬੇ ਸਵੀਟਸ ਦਾ ਨਾਂ ਕੌਣ ਨਹੀਂ ਜਾਣਦਾ। ਸਭ ਤੋਂ ਵੱਧ ਸੁਚੱਜੇ ਅਤੇ ਖੂਬਸੂਰਤ ਢੰਗ ਨਾਲ ਸਜਾਈਆਂ ਮਠਿਆਈਆਂ ਦੀ ਮਹਿਕ ਸਮੁੱਚੀ ਮਾਰਕਿਟ ਨੂੰ ਮਹਿਕਾਉਂਦੀ ਹੈ।

ਮਠਿਆਈਆਂ ਦੇ ਨਾਲ ਹੀ ਲੱਗਦਾ ਹਿਸਾ ਰੈਸਟੋਰੈਂਟ ਹੈ ਜਿਥੇ ਹਰ ਕਮਿਊਨਿਟੀ ਦਾ ਬੰਦਾ ਤੁਹਾਨੂੰ ਮਿਲ ਜਾਂਦਾ ਹੈ। ਲੰਚ ਅਤੇ ਡਿਨਰ ਇਸ ਰੈਸਟੋਰੈਂਟ ਦੀਆਂ ਵਿਸ਼ੇਸ਼ਤਾਵਾਂ ਹਨ। ਪੰਜਾਬੀ,ਭਾਰਤੀ ਤੇ ਗੋਰੇ ਇਕੱਠੇ ਬੈਠ ਕੇ ਖਾਣਿਆਂ ਦਾ ਆਨੰਦ ਮਾਣਦੇ ਹਨ।

ਨਰੇਸ਼ ਸ਼ੁਕਲਾ ਐਂਡ ਬਰਦਰਜ਼ ਕੇਵਲ ਮਠਿਆਈਆਂ ਦੀ ਦੁਕਾਨ ਅਤੇ ਰੈਸਟੋਰੈਂਟ ਹੀ ਨਹੀਂ ਚਲਾ ਰਹੇ ਨਾਲ ਹੀ ਕੇਟਰਿੰਗ ਵੀ ਕਰਦੇ ਹਨ। ਫਲਾਇਰਾਂ ਦੇ ਵਪਾਰ ਵਿਚ ਵੀ ਉਨ੍ਹਾਂ ਦਾ ਉਘਾ ਨਾਂ ਹੈ।



## ਕੈਨੇਡੀਅਨ ਅਤੇ ਭਾਰਤੀ ਗਰੌਸਰੀ

ਕੈਨੇਡੀਅਨ ਅਤੇ ਭਾਰਤੀ ਗਰੌਸਰੀ ਦੇ ਸਟੋਰਾਂ ਵਿਚ ਹੋਲ ਸੇਲ ਦੀ ਸਪਲਾਈ ਦੀ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਦੀ ਵਿਸ਼ੇਸ਼ਤਾ ਹੈ।

## ਨਬੌਬ ਚਾਹ

ਕੁੱਝ ਸਮੇਂ ਵਿਚ ਹੀ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਨੇ ਨਬੌਬ ਚਾਹ ਦੀ ਡੀਲਰਸ਼ਿਪ ਲੈ ਕੇ ਕੈਨੇਡਾ ਭਰ ਵਿਚ ਨਾਮਣਾ ਖੱਟਿਆ ਹੈ। ਸਾਲ 1986 ਲਈ ਨਬੌਬ ਚਾਹ ਦੇ ਡੀਲਰਾਂ ਵਿਚੋਂ ਸਾਰੇ ਕੈਨੇਡਾ ਵਿਚ ਨਰੇਸ਼ ਸ਼ੁਕਲਾ ਦੂਜੇ ਨੰਬਰ ਉਤੇ ਆਏ ਹਨ। ਵੈਨਕੂਵਰ ਵਿਚ ਹੋਈ ਨੈਸ਼ਨਲ ਕਾਨਫਰੰਸ ਸਮੇਂ ਨਰੇਸ਼ ਸ਼ੁਕਲਾ ਨੂੰ ਸਨਮਾਨਿਤ ਕੀਤਾ ਗਿਆ।

ਇਹ ਮਾਣ ਸਮੁੱਚੇ ਪੰਜਾਬੀਆਂ ਦਾ ਮਾਣ ਹੈ। 'ਕੈਨੇਡਾ ਦਰਪਣ' ਨਰੇਸ਼ ਸ਼ੁਕਲਾ ਭਰਾਵਾਂ ਨੂੰ ਇਸ ਮਾਣ ਉਤੇ ਵਧਾਈ ਪੇਸ਼ ਕਰਦਾ ਹੈ।

# ਜਦ ਐਨ.ਡੀ.ਪੀ. ਡੈਲੀਗੇਟ ਨੱਚਣ ਲੱਗੇ

ਮਾਂਟਰੀਅਲ:—ਐਨ.ਡੀ.ਪੀ.ਦੀ ਮਾਂਟਰੀਅਲ 'ਚ ਹੋਈ ਤਿੰਨ ਦਿਨਾਂ ਨੈਸ਼ਨਲ ਕਨਵੈਨਸ਼ਨ 'ਚ ਡੈਲੀਗੇਟਾਂ ਨੇ ਉਸ ਸਮੇਂ ਨੱਚਣਾ ਟੱਪਣਾ ਸ਼ੁਰੂ ਕਰ ਦਿੱਤਾ ਜਦੋਂ ਪਾਰਟੀ ਨੇਤਾ ਇਡ ਬਰੌਡਬੈਂਟ ਨੇ ਪ੍ਰਭਾਵਸ਼ਾਲੀ ਤਕਰੀਰ ਕੀਤੀ।

ਪਾਰਟੀ ਨੇਤਾ ਨੇ ਕਿਹਾ,"ਇਸ ਦੇਸ਼ ਦੇ ਲੋਕਾਂ ਨੇ ਕਦੀ ਸਾਡੀ ਇੰਨੀ ਪ੍ਰੋੜਤਾ ਨਹੀਂ ਕੀਤੀ ਜਿੰਨੀ ਉਹ ਹੁਣ ਕਰ ਰਹੇ ਹਨ। ਬਹੁਗਿਣਤੀ ਲੋਕ ਸਾਡੇ ਨਾਲ ਹਨ ਅਤੇ ਸਾਡੀ ਪਾਰਟੀ ਨੂੰ ਹੁਣ ਉਹ ਪਸੰਦ ਕਰਦੇ ਹਨ ਅਤੇ ਇਹ ਆਸ ਲਾ ਕੇ ਬੈਠੇ ਹਨ ਕਿ ਐਨ.ਡੀ.ਪੀ.ਇਕ ਦਿਨ ਸਾਡੇ ਮਹਾਨ ਦੇਸ਼ ਦੀ ਅਗਵਾਈ ਕਰੇਗੀ।"

ਇਸ ਕਨਵੈਨਸ਼ਨ 'ਚ ਭਾਸ਼ਨਾਂ ਦੀ ਮੁੱਖ ਸੁਰ ਪ੍ਰਧਾਨ ਮੰਤਰੀ ਮਲਰੂਨੀ ਦੀਆਂ ਨੀਤੀਆਂ ਦੇ ਵਿਰੁੱਧ ਰਹੀ। ਅਮਰੀਕਾ ਨਾਲ ਫਰੀ ਟਰੇਡ ਦੀ ਨੀਤੀ ਨੂੰ ਨਿੰਦਿਆ ਗਿਆ ਅਤੇ ਲੋਕਾਂ ਨੂੰ ਸੰਪੂਰਨ ਰੁਜ਼ਗਾਰ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਪਰ ਤਿੰਨ ਦਿਨਾਂ ਇਸ ਕਨਵੈਨਸ਼ਨ ਦੌਰਾਨ ਜਿਹੜਾ ਮਹੱਤਵਪੂਰਨ ਮਤਾ ਪਾਸ ਕੀਤਾ ਗਿਆ ਉਹ ਸੀ ਕਿਊਬਕ ਰਾਜ ਦੀਆਂ ਸ਼ਕਤੀਆਂ ਨੂੰ ਪੱਕਿਆਂ ਕਰਨਾ। ਕੁਝ ਸੰਵਿਧਾਨਿਕ ਸੋਧਾਂ ਕਰਨ 'ਚ ਕਿਊਬਕ ਦੀ ਵੀਟੋ ਪਾਵਰ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਇਹ ਮਤਾ 1400 ਡੈਲੀਗੇਟਾਂ ਨੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮਤੇ 'ਚ ਕਿਊਬਿਕ ਦੀ ਫਰੈਂਚ ਬੋਲਦੀ ਬਹੁਗਿਣਤੀ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਵੀ ਕਹੀ ਗਈ ਹੈ।

---

ਨੋਟ:—ਗੁਰਚਰਨ ਰਾਮਪੁਰੀ ਹੋਰਾਂ ਦੇ ਦਫਤਰ ਦਾ ਠੀਕ ਫੋਨ ਨੰਬਰ 684-3111 ਹੈ। ਪਿਛਲੇ ਹਫਤਿਆਂ ਦੇ ਕੁਝ ਇਸ਼ਤਿਹਾਰਾਂ ਵਿਚ ਨੰਬਰ ਗਲਤ ਛਪ ਗਿਆ ਸੀ।



# ਵਿਨੀਪੈਗ 'ਚ ਅਮਨ ਮਾਰਚ 13 ਜੂਨ ਨੂੰ

ਵਿਨੀਪੈਗ:—ਵਿਨੀਪੈਗ 'ਚ 13 ਜੂਨ 1987 ਨੂੰ ਹੋਣ ਵਾਲੇ 6ਵੇਂ ਸਾਲਾਨਾ ਅਮਨ ਮਾਰਚ ਲਈ ਮੈਨੀਟੋਬਾ ਦੀ ਐਨ.ਡੀ.ਪੀ. ਸਰਕਾਰ ਬੜੇ ਜ਼ੋਰ ਸ਼ੋਰ ਨਾਲ ਪਲੈਨਿੰਗ ਬਣਾ ਰਹੀ ਹੈ।

ਮੈਨੀਟੋਬਾ ਦੀ ਅਮਨ ਲਹਿਰ ਲਈ ਹਰ ਸਾਲ ਕੀਤਾ ਜਾਂਦਾ ਅਮਨ ਮਾਰਚ ਖਾਸ ਮਹੱਤਤਾ ਰੱਖਦਾ ਹੈ। ਅਮਲ ਦੇ ਹੱਕ ਵਿਚ ਆਪਣੀ ਪ੍ਰਤੀਨਿੱਧਤਾ ਦਾ ਇਜ਼ਹਾਰ ਕਰਲ ਲਈ ਹਰ ਸਾਲ ਹਰ ਉਮਰ ਦੇ ਹਜ਼ਾਰਾਂ ਲੋਕ ਵਿਨੀਪੈਗ ਦੀਆਂ ਗਲੀਆਂ ਵਿਚ ਦੀ ਅਮਨ ਮਾਰਚ ਕਰਦੇ ਲੰਘਦੇ ਹਨ।

ਇਸ ਸਾਲ ਇਲਾਕਾਈ ਜਥੇਬੰਦੀਆਂ ਦੇ ਮੈਂਬਰਾਂ ਨੂੰ ਵੀ ਮਾਰਚ 'ਚ ਹਿਸਾ ਲੈਣ ਲਈ ਪ੍ਰੇਰਿਆ ਜਾ ਰਿਹਾ ਹੈ। ਜੋ ਮੈਂਬਰ ਵਿਨੀਪੈਗ ਆ ਕੇ ਮਾਰਚ 'ਚ ਹਿਸਾ ਨਹੀਂ ਲੈ ਸਕਦੇ ਉਨ੍ਹਾਂ ਨੂੰ ਆਪਣੀ ਕਮਿਊਨਿਟੀ 'ਚ ਹੀ ਸਥਾਨਕ ਪੱਧਰ 'ਤੇ ਅਮਨ ਦੇ ਹੱਕ 'ਚ ਕੀਤੀਆਂ ਜਾ ਰਹੀਆਂ ਕਾਰਵਾਈਆਂ 'ਚ ਹਿਸਾ ਲੈਣਾ ਚਾਹੀਦਾ ਹੈ।

# ਹੁਸ਼ਿਆਰਪੁਰ ਜੇਲ੍ਹ ਸਭ ਤੋਂ ਸੁਰੱਖਿਅਤ

ਹੁਸ਼ਿਆਰਪੁਰ:—ਹੁਸ਼ਿਆਰਪੁਰ ਜੇਲ੍ਹ ਨੂੰ ਦਹਿਸ਼ਤਪਸੰਦਾਂ ਤੇ ਅੱਤਵਾਦੀਆਂ ਨੂੰ ਰੱਖਣ ਵਾਲੀ ਮਜ਼ਬੂਤ ਜੇਲ੍ਹ ਬਨਾਣ ਸਬੰਧੀ ਏਥੇ ਭਾਰੀ ਗਿਣਤੀ ਵਿਚ ਜੇਲ੍ਹ ਅਮਲਾ ਤੈਨਾਤ ਕੀਤਾ ਜਾ ਰਿਹਾ ਹੈ। ਜੇਲ੍ਹ ਦੁਆਲਿਉਂ ਸਭ ਦਰਖਤ ਕੱਟ ਕੇ ਅਤੇ ਆਲੇ ਦੁਆਲੇ ਕੰਢੇਦਾਰ ਤਾਰ ਲਾਈ ਜਾ ਰਹੀ ਹੈ।

ਪ੍ਰਾਪਤ ਰਿਪੋਰਟਾਂ ਅਨੁਸਾਰ ਜੇਲ੍ਹ ਸੁਪਰਡੈਂਟ ਤੋਂ ਇਲਾਵਾ ਇਕ ਡਿਪਟੀ ਸੁਪਰਡੈਂਟ ਦੋ ਅਸਿਸਟੈਂਟ ਸੁਪਰਡੈਂਟ ਅਤੇ 100 ਵਾਰਡਨ ਹੋਰ ਤੈਨਾਤ ਕੀਤੇ ਜਾ ਰਹੇ ਹਨ। ਜੇਲ੍ਹ ਵਿਚ ਇਸ ਵੇਲੇ ਕਰੀਬਨ 50 ਕੈਦੀ ਰਹਿ ਗਏ ਹਨ,ਬਾਕੀ ਦੇ ਕੈਦੀ ਲੁਧਿਆਣਾ ਅਤੇ ਜਲੰਧਰ ਜੇਲ੍ਹਾਂ ਵਿਚ ਤਬਦੀਲ ਕੀਤੇ ਗਏ ਹਨ।

## 'ਕੈਨੇਡਾ ਦਰਪਣ'ਦਾ ਵਿਸ਼ੇਸ਼ ਸੰਸਾਰ ਅਮਨ ਅੰਕ ਵਿਸਾਖੀ ਦੇ ਮੌਕੇ ਉਤੇ ਪ੍ਰਕਾਸ਼ਤ ਹੋਵੇਗਾ

ਲੇਖਕ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ,ਕਵਿਤਾਵਾਂ ਤੇ ਜ਼ਰੂਰੀ ਸਮੱਗਰੀ 6 ਅਪਰੈਲ ਤੱਕ ਪੁੱਜਦੀ ਕਰਨ ਦੀ ਕ੍ਰਿਪਾਲਤਾ ਕਰਨ।

ਵਪਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਵਿਸ਼ੇਸ਼ ਅੰਕ ਲਈ ਆਪਣੇ ਪੰਨੇ ਹੁਣੇ ਹੀ ਰੀਜ਼ਰਵ ਕਰਵਾ ਲੈਣ।

**ਹੋਰ ਜਾਣਕਾਰੀ ਲਈ ਫੋਨ ਕਰੋ**
**581-4473**


**BLOCK BROS. REALTY LTD.**

9360 - 120 St. SURREY, B.C. V3V 4B9

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 581-4601**

**Res. (604) 591-1354 ਜਾਂ 588-0749**



**BEANT SEKHON**
Res. 591-1354
or
588-0749

# ਵੈਨਕੂਵਰ 'ਚ ਵੈਸਟ ਫੇਅਰ ਫੂਡਜ਼ ਕੰਪਲੈਕਸ ਬਣਨ ਨਾਲ ਪੰਜ ਸੌ ਵਿਅਕਤੀਆਂ ਨੂੰ ਕੰਮ ਮਿਲੇਗਾ

ਵਿਨੀਪੈਗ:—ਵੈਸਟ ਫੇਅਰ ਫੂਡਜ਼ ਪਰਾਪਰਟੀਜ਼ ਪੈਸੀਫਿਕ ਲਿਮਟਿਡ ਆਫ'ਵਿਨੀਪੈਗ ਦੀ ਇਕ ਪ੍ਰੈਸ ਰਲੀਜ਼ ਅਨੁਸਾਰ ਕੰਪਨੀ ਨੇ ਵੈਨਕੂਵਰ 'ਚ 27 ਮਿਲੀਅਨ ਡਾਲਰ ਦੀ ਲਾਗਤ ਨਾਲ ਕੰਪਲੈਕਸ ਬਣਾਉਣ ਲਈ ਡਵੈਲਪਮੇਂਟ ਪਰਮਿਟ ਲੈਣ ਲਈ ਅਰਜ਼ੀ ਦੇਣ ਦਾ ਐਲਾਨ ਕੀਤਾ ਹੈ। ਇਹ ਕੰਪਲੈਕਸ ਮੇਨ ਸਟਰੀਟ ਅਤੇ 350 ਸਾਊਥ ਈਸਟ ਮਰੀਨ ਡਰਾਈਵ 'ਤੇ ਬਣਾਉਣ ਦੀ ਤਜਵੀਜ਼ ਹੈ। ਇਸ ਕੰਪਲੈਕਸ ਵਿਚ ਹੋਲ ਸੇਲ ਡਿਸਟਰੀਬਿਊਸ਼ਨ,ਪਰਚੂਨ ਅਤੇ ਵਸਤਾਂ ਨੂੰ ਤਿਆਰ ਕਰਨ ਦਾ ਕੰਮ ਹੋਵੇਗਾ।

ਵੈਸਟ ਫੇਅਰ ਪਰਾਪਰਟੀਜ਼ ਕੰਪਨੀ ਦੇ ਪ੍ਰਧਾਨ ਮਾਰਵਿਨ ਬੂਟੀ ਅਨੁਸਾਰ ਇਸ ਇਮਾਰਤ ਦੀ ਤਿਆਰੀ ਇਸ ਸਾਲ ਬਹਾਰ ਰੁੱਤੇ ਸ਼ੁਰੂ ਹੋ ਸਕਦੀ ਹੈ ਅਤੇ ਇਹ 1988 ਦੀ ਬਹਾਰ ਰੁੱਤ ਤੱਕ ਮੁਕੰਮਲ ਹੋ ਜਾਵੇਗੀ।

ਇਸ ਕੰਪਲੈਕਸ ਦੇ ਤਿਆਰ ਹੋਣ ਨਾਲ 500 ਵਿਅਕਤੀਆਂ ਨੂੰ ਕੰਮ ਮਿਲੇਗਾ। 5.3 ਹੇਕਟੇਅਰ 'ਚ ਬਣਨ ਵਾਲੇ ਇਸ ਕੰਪਲੈਕਸ ਨਾਲ ਸਿਟੀ ਟੈਕਸ ਰੇਵਨਿਊ 'ਚ ਵੀ ਕਾਫੀ ਵਾਧਾ ਹੋਵੇਗਾ।

ਬਹੁ ਮੰਤਵੀ ਇਸ ਕੰਪਲੈਕਸ ਵਿਚ ਜਨਰਲ ਚੀਜ਼ਾਂ ਅਤੇ ਅਨਾਜ ਵਸਤਾਂ ਦਾਹੋਲ ਸੇਲ ਵਪਾਰ ਹੋਵੇਗਾ। ਜਿਹੜੀਆਂ ਚੀਜ਼ਾਂ ਇਥੋਂ ਮਿਲਣਗੀਆਂ ਉਨ੍ਹਾਂ ਵਿਚ ਸ਼ੁੱਕੀ ਗਰੌਸਰੀ,ਫਰੋਜਨ ਫੂਡ,ਡੇਅਰੀ ਅਤੇ ਮੀਟ ਵਾਲੀਆਂ ਵਸਤਾਂ ਸ਼ਾਮਲ ਹਨ। ਨਾਲ ਨਾਲ ਹਾਰਡਵੇਅਰ,ਹਾਊਸਵੇਅਰ,ਖਿਡੌਣੇ ਅਤੇ ਆਟੋਮੋਟਿਵ ਵਸਤਾਂ ਦੀ ਵਿਕਰੀ ਵੀ ਇਸ ਕੰਪਲੈਕਸ 'ਚ ਹੋਵੇਗੀ।

ਵੈਨਕੂਵਰ 'ਚ ਇਹ ਥਾਂ ਕਮਰਸ਼ੀਅਲ ਅਤੇ ਇੰਡਸਟਰੀਅਲ ਏਰੀਏ ਵਿਚ ਹੈ। ਇਸ ਖੇਤਰ ਨਾਲ ਸੜਕ ਅਤੇ ਰੇਲ ਦਾ ਸਿਧਾ ਸਬੰਧ ਅਤੇ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਦੀ ਨੇੜਤਾ ਵਸਤਾਂ ਨੂੰ ਸਹੀ ਸਮੇਂ 'ਤੇ ਲਿਆਉਣ ਲਈ ਮਦਦ ਕਰੇਗੀ। ਇਸ ਕੰਪਲੈਕਸ ਵਿਚ ਚਾਰ ਹਜ਼ਾਰ ਵਰਗ ਮੀਟਰ ਥਾਂ ਅਨਾਜ ਨੂੰ ਪ੍ਰੋਸਿਸ ਕਰਨ ਅਤੇ ਪੈਕ ਕਰਨ ਲਈ ਵਰਤੀ ਜਾਵੇਗੀ।

ਇਸ ਸਟੋਰ ਦੇ ਪਰਚੂਨ ਚੀਜ਼ਾਂ ਦੀ ਵਿਕਰੀ ਵਾਲੇ ਹਿੱਸੇ ਵਿਚ 4500 ਵਰਗ ਮੀਟਰ ਥਾਂ ਅਨਾਜੀ ਵਸਤਾਂ ਦੀ ਵਿਕਰੀ ਲਈ ਵਰਤੀ ਜਾਵੇਗੀ ਅਤੇ ਨਾਲ ਹੀ ਹੋਰ 4500 ਵਰਗ ਮੀਟਰ ਥਾਂ ਵਿਚ ਜਨਰਲ ਚੀਜ਼ਾਂ ਹੋਣਗੀਆਂ। ਜਿਨ੍ਹਾਂ ਵਿਚ ਹਾਊਸਵੇਅਰ ਤੋਂ ਲੈ ਕੇ ਕੱਪੜੇ ਤਕ ਚੀਜ਼ਾਂ ਵੇਚੀਆਂ ਜਾਣਗੀਆਂ। ਇਹ ਕਾਊਂਟਰ ਵੈਸਟਫੇਅਰ ਫੂਡਜ਼ ਦੇ ਪ੍ਰਚੂਨ ਡਿਵੀਜ਼ਨ ਵਲੋਂ ਚਲਾਇਆ ਜਾਏਗਾ।

ਕੰਪਨੀ ਦੇ ਪ੍ਰਧਾਨ ਬੂਟੀ ਅਨੁਸਾਰ,"ਬੀ.ਸੀ.'ਚ ਸਾਰੀਆਂ ਸੰਭਵ ਥਾਵਾਂ ਦਾ ਨਿਰੀਖਣ ਕਰਨ ਤੋਂ ਬਾਅਦ ਅਸੀਂ ਆਪਣੀ ਪੂੰਜੀ ਲਾਉਣ ਲਈ ਵੈਨਕੂਵਰ ਨੂੰ ਇਸ ਕਰਕੇ ਚੁਣਿਆ ਹੈ ਕਿਉਂਕਿ ਸਾਨੂੰ ਇਸ ਸ਼ਹਿਰ ਦੇ ਉਜਲ ਭਵਿਖ ਵਿਚ ਪੂਰਾ ਯਕੀਨ ਹੈ।"

ਇਸ ਕੰਪਲੈਕਸ ਦੀ ਤਿਆਰੀ ਵੇਲੇ 300 ਵਰਕਰਾਂ ਦੀ ਲੋੜ ਪਵੇਗੀ ਅਤੇ ਉਨ੍ਹਾਂ ਨੂੰ ਅੰਦਾਜ਼ਨ 11.5 ਮਿਲੀਅਨ ਡਾਲਰ ਤਨਖਾਹਾਂ ਦੇ ਰੂਪ ਵਿਚ ਅਤੇ ਹੋਰ ਸਬੰਧਤ ਵਿਅਕਤੀਆਂ ਨੂੰ ਰੋਜ਼ੀ ਦੇ ਰੂਪ ਵਿਚ ਮਿਲੇਗਾ।

# ਜ਼ਮੀਨ ਤੋਂ ਦੋ ਗਰੁੱਪਾਂ ਦੀ ਲੜਾਈ ਵਿਚ ਅਬੋਹਰ ਲਾਗੇ ਤਿੰਨ ਹਲਾਕ

ਅਬੋਹਰ:—ਇਥੋਂ 75 ਕਿਲੋਮੀਟਰ ਦੂਰ ਬਤਰੀਵਾਲ ਵਿਚ ਗਰੁੱਪਾਂ ਵਿਚ ਹੋਈ ਲੜਾਈ ਵਿਚ 3 ਵਿਅਕਤੀ ਹਲਾਕ ਤੇ 4 ਜ਼ਖਮੀ ਹੋ ਗਏ। ਡੀ.ਐਸ.ਪੀ. ਜਸਵੰਤ ਸਿੰਘ ਨੇ ਇਸ ਘਟਨਾ ਦੇ ਵੇਰਵੇ ਦਿੰਦੇ ਹੋਏ ਦਸਿਆ ਕਿ ਜਸਵੰਤ ਸਿੰਘ ਨਾਂ ਦੇ ਇਕ ਵਿਅਕਤੀ ਨੇ ਇਸ ਪਿੰਡ ਵਿਚ 20 ਕਿਲ੍ਹੇ ਜ਼ਮੀਨ ਖਰੀਦੀ ਸੀ ਤੇ ਉਸਦਾ ਇਕ ਮੁਜ਼ਾਰੇ ਨਾਲ ਝਗੜਾ ਚੱਲ ਰਿਹਾ ਸੀ ਜਿਸਦੀ ਅਗਲੀ ਪੇਸ਼ੀ 19 ਮਾਰਚ ਸੀ। ਜਸਵੰਤ ਸਿੰਘ ਇਸ ਮੁਕੱਦਮੇ ਸਬੰਧੀ ਗਵਾਹਾਂ ਨੂੰ ਮਿਲਣ ਇਸ ਪਿੰਡ ਵਿਚ ਗਿਆ ਸੀ ਕਿ ਉਹਦਾ ਝਾਂਗੀ ਰਾਮ ਨਾਲ ਝਗੜਾ ਹੋ ਗਿਆ ਜਿਸ ਵਿਚ ਦੋਹਾਂ ਪਾਰਟੀਆਂ ਵਿਚ ਜੰਮ ਕੇ ਲੜਾਈ ਹੋਈ ਸਿੱਟੇ ਵਜੋਂ ਇਕ ਧਿਰ ਦੇ ਜਸਵੰਤ ਸਿੰਘ ਤੇ ਕਾਲਾ ਰਾਮ ਤੇ ਦੂਜੀ ਧਿਰ ਵਲੋਂ ਝਾਂਗੀ ਰਾਮ ਦੇ 12 ਸਾਲਾ ਲੜਕੇ ਸੋਮਰਾਜ ਦੀ ਮੌਕੇ ਤੇ ਮੌਤ ਹੋ ਗਈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਹਾਲਾਂ ਕੋਈ ਗ੍ਰਿਫਤਾਰੀ ਨਹੀਂ ਹੋਈ।


## ਸਰੀ ਅਤੇ ਡੈਲਟਾ ਨਿਵਾਸੀਆਂ ਲਈ ਖੁਸ਼ਖਬਰੀ

ਆਪ ਸਾਰਿਆਂ ਦੀ ਸਹੂਲੀਅਤ ਵਾਸਤੇ ਅਸੀਂ ਆਪਣੀ ਨਵੀਂ ਬਰਾਂਚ ਪੰਜਾਬੀ ਮਾਰਕੀਟ ਵਿਚ Scott road and 93 Ave ਤੇ ਖੋਲ੍ਹ ਦਿਤੀ ਹੈ।

ਜਦੋਂ ਕਿ ਇਨਕਮ ਟੈਕਸ ਸਬੰਧੀ ਕਾਨੂੰਨ ਅਤੇ ਨਿਯਮ ਕਾਫੀ ਗੁੰਝਲਦਾਰ ਹਨ,ਪਰ ਜੋ ਕੰਮ ਇਹ ਕਰਦੇ ਹਨ,ਉਹ ਇਸ ਸਬੰਧੀ ਹੁੰਦੀਆਂ ਤਬਦੀਲੀਆਂ ਤੋਂ ਵੀ ਵਾਕਫ ਹੁੰਦੇ ਹਨ। ਇਸ ਸਾਲ ਜੋ ਟੈਕਸ ਕਾਨੂੰਨ ਨਿਕਲੇ ਹਨ ਜਿਨ੍ਹਾਂ ਬਾਰੇ ਸਲਾਹ ਮਸ਼ਵਰਾ ਲਉ।

ਏਸ ਟੈਕਸ ਅਤੇ ਅਕਾਊਂਟਿੰਗ ਸਰਵਿਸ ਲਿਮਟਡ ACE TAX AND ACCOUNTING SERVICE LTD.ਦੇ ਸ਼ਮਸ਼ ਵੀਰ ਜੀ ਤੋਂ ਸਲਾਹ ਮਸ਼ਵਰਾ ਲਉ। ਜਿਨ੍ਹਾਂ ਨੇ ਹਜ਼ਾਰਾਂ ਹੀ ਫਾਰਮ ਭਰੇ ਹਨ ਅਤੇ 1972 ਤੋਂ ਇਹ ਕੰਮ ਕਰ ਰਹੇ ਹਨ। ਤੁਸੀਂ ਜੋ ਵੀ ਪੈਸੇ ਖਰਚੋਗੇ ਅੱਗੇ ਜਾ ਕੇ ਲਾਭਦਾਇਕ ਸਿੱਧ ਹੋਣਗੇ। ਟੈਕਸ ਫਾਰਮ ਭਰਿਆਂ ਵਿਚ ਜੇਕਰ ਬਾਅਦ ਵਿਚ ਕੋਈ ਵੀ ਗੁੰਝਲ (OBJECTION]ਆਵੇ ਤਾਂ ਅਸੀਂ ਹਮੇਸ਼ਾ ਆਪ ਦੀ ਮੁਫਤ ਸੇਵਾ ਲਈ ਸਦਾ ਹਾਜ਼ਰ ਹਾਂ।

ਤੁਸੀਂ ਭਾਵੇਂ ਇਕ ਕਰਮਚਾਰੀ,ਵਪਾਰੀ,ਕਿਸਾਨ ਜਾਂ ਖੇਤ ਮਜ਼ਦੂਰ,ਮਛੇਰੇ ਹੋ,ਅਸੀਂ ਯਕੀਨੀ ਤੌਰ ਤੇ ਇਹ ਦੇਖਾਂਗੇ ਕਿ ਤੁਹਾਡੇ ਆਮਦਨੀ ਟੈਕਸ ਸਬੰਧੀ ਫਾਰਮ ਠੀਕ ਤਰ੍ਹਾਂ ਭਰੇ ਗਏ ਹਨ ? ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਤੁਹਾਨੂੰ ਖਰਚ ਦਾ ਵੇਰਵਾ ਦਿਆਂਗੇ,ਸਾਡੇ ਭਾਅ RATE ਬਹੁਤ ਵਾਜਬ ਹਨ।

ਇਨਕਮ ਟੈਕਸ ਦੇ ਪੇਪਰ ਭਰਨ ਤੋਂ ਇਲਾਵਾ ਅਸੀਂ ਸਾਰਾ ਸਾਲ ਚਲਣ ਵਾਲੀਆਂ ਹੋਰ ਸੇਵਾਵਾਂ ਵੀ ਕਰਦੇ ਹਾਂ ਜੋ ਕਿ ਹੇਠ ਲਿਖੀਆਂ ਹਨ:—

COMPANY INFORMATION — ਹੋਰ ਵਪਾਰ ਲਈ ਆਮ ਸੇਵਾਵਾਂ
BUSINESS SERVICES — ਕੰਪਨੀ ਦੀ ਸਥਾਪਨਾ ਕਰਨੀ
BOOK KEEPING — ਹਿਸਾਬ ਕਿਤਾਬ ਰੱਖਣਾ
PAY ROLL

NO APPOINTMENT REQUIRED SEE MR.SHAMESH VIRJI — ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ
PHONE 583-2110

## ACE TAX AND ACCOUNTING SERVICE LTD.
9365-120 th.st.DELTA,B.C. PHONE 583-2110



ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ
ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ੍ਰੀਦਣ ਦਾ ਬਹੁਤ ਚੰਗਾ ਪ੍ਰਬਧ ਹੈ।
ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ
ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

SAVE MORE

## R & K AUTO SALES
444 Colusa Hwy. YUBA CITY — CAL. Ph.(916) 674-8680

# ਵੈਨਕੂਵਰ ਦੇ ਘਰਾਂ,ਬੇਸਮਿੰਟਾਂ ਅਤੇ ਕਿਰਾਏਦਾਰਾਂ ਸਬੰਧੀ ਪਬਲਿਕ ਮੀਟਿੰਗ

**ਗੁਰਨਾਮ ਸਿੰਘ ਸੰਘੇੜਾ**



ਬੇਸਮਿੰਟਾਂ ਦੇ ਮਸਲੇ ਨੂੰ ਠੀਕ ਢੰਗ ਨਾਲ ਪੇਸ਼ ਕਰਨ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਨੇ "ਕਲਾਰਨੀ ਕਮਿਊਨਿਟੀ ਸੈਂਟਰ"ਵੈਨਕੂਵਰ ਵਿਚ 15 ਮਾਰਚ 1987 ਨੂੰ **ਪਬਲਿਕ ਜਲਸਾ ਕੀਤਾ** ।ਇਸ ਮਸਲੇ ਪਿਛੇ ਧਨੀ ਅਪਾਰਟਮੈਂਟ ਮਾਲਕਾਂ,ਜ਼ਮੀਨ ਮਾਲਕਾਂ ਅਤੇ ਖਾਲੀ ਅਪਾਰਟਮੈਂਟ ਭਰਨ ਦੇ ਹਿਤ ਤੇ ਜ਼ਮੀਨ ਦੀਆਂ ਕੀਮਤਾਂ ਅਤੇ ਅਗਲੇ ਸਾਲ ਦੀ ਕੌਂਸਲ ਦੀ ਚੋਣ ਭੀ ਸੰਬੰਧਤ ਹੈ। ਸੋ ਇਸ ਮਸਲੇ ਨੂੰ ਠੀਕ ਢੰਗ ਨਾਲ ਚੁਕਣ ਤੇ ਹੱਲ ਕਰਾਉਣ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਬੀੜਾ ਚੁੱਕਿਆ ਤੇ ਅਤਿ ਸਫਲ ਮੀਟਿੰਗ ਕੀਤੀ ਜਿਸਦੀ ਕਾਰਵਾਈ ਸਕੱਤਰ ਸਾਥੀ ਮਹਿੰਦਰ ਸੂਮਲ ਨੇ ਨਿਭਾਈ ਤੇ ਪ੍ਰਧਾਨਗੀ ਸਾਥੀ ਸੁਰਿੰਦਰ ਸਿੰਘ ਸੰਘਾ ਨੇ ਕੀਤੀ ।

**ਮਸਲਾ ਕੀ ਹੈ ?:**—ਮਸਲਾ ਨਵੇਂ ਤੇ ਪੁਰਾਣੇ ਘਰਾਂ ਦੀਆਂ ਬੇਸਮਿੰਟਾਂ (ਜੋ ਜ਼ਮੀਨ ਉਪਰ ਪਹਿਲੀ ਮੰਜ਼ਲ ਹੈ ਜਿਸਨੂੰ ਗਰਾਊਂਡ ਫਲੋਰ ਜਾਂ ਬੇਸਮਿੰਟ ਆਖਦੇ ਹਨ) ਇਸ ਲੋਕ ਵਿਰੋਧੀ ਕੌਂਸਲ ਨੇ ਚੋਣ ਤੋਂ ਛੇਤੀ ਪਿਛੋਂ ਇਸ ਸਾਲ ਫੈਸਲਾ ਕੀਤਾ ਕਿ ਜਿਹੜੀਆਂ ਬੇਸਮਿੰਟਾਂ ਨੂੰ ਕਿਰਾਏ ਤੇ ਚੜ੍ਹਾਉਣ ਦਾ ਪਰਮਿਟ ਨਹੀਂ ਉਹ ਗੈਰ ਕਾਨੂੰਨੀ ਅਤੇ ਜੇ ਇਨ੍ਹਾਂ ਬੇਸਮਿੰਟਾਂ ਬਾਰੇ ਕੋਈ ਵੀ ਸ਼ਿਕਾਇਤ ਕਰੇ ਤਾਂ ਸਿਟੀ ਇਹ ਬੰਦ ਕਰਾ ਦੇਵੇਗੀ ਅਤੇ ਕਿਰਾਏਦਾਰ ਕੱਢੇ ਜਾਣਗੇ। ਨਾਲ ਹੀ ਘਰ ਵਿਚ ਦੂਜੀ ਰਸੋਈ (ਕਿਚਨ)ਬਣਾਉਣ ਦੀ ਇਜ਼ਾਜ਼ਤ ਨਹੀਂ। ਨਵੇਂ ਘਰਾਂ ਵਿਚ ਭੀ ਬੇਸਮਿੰਟ ਬਣਾਉਣ ਅਤੇ ਦੂਜੀ ਕਿਚਨ ਬਣਾਉਣ ਤੇ ਫਰਵਰੀ 1987 ਨੂੰ ਪਾਬੰਦੀ ਲਾ ਦਿਤੀ। ਸੋ ਬੇਸਮਿੰਟ ਤੇ ਕਿਚਨ ਬਣਾਉਣ ਨਹੀਂ ਦੇਣੇ ਤੇ ਹੁਣ ਤੋਂ ਪਹਿਲੇ ਸਾਰੇ ਘਰਾਂ ਦੀਆਂ ਬੇਸਮਿੰਟਾਂ ਤੇ ਕਿਚਨਾਂ ਬੰਦ ਕਰਨੀਆਂ,ਕਿਰਾਏਦਾਰ ਕੱਢਣੇ ਹਨ । ਸੋ ਜੇ ਇਕ ਪਰਿਵਾਰ ਦੇ ਘਰ ਵਾਲੇ,ਉਨ੍ਹਾਂ ਦੇ ਬਜ਼ੁਰਗ ਮਾਂ-ਬਾਪ ਤੇ ਉਨ੍ਹਾਂ ਦੇ ਬੱਚੇ ਇਕ ਯੂਨਿਟ ਦੇ ਤੌਰ ਤੇ ਉਪਰ ਅਤੇ ਥੱਲੇ ਬੇਸਮਿੰਟ ਵਿਚ ਰਹਿੰਦੇ ਤੇ ਪਕਾਉਂਦੇ ਹਨ ਤਾਂ ਸ਼ਿਕਾਇਤ ਹੋਣ ਤੇ ਕੱਢੇ ਜਾਣਗੇ । ਇਸ ਤਰ੍ਹਾਂ ਭਾਰਤੀ,ਚੀਨੇ ਤੇ ਇਟਾਲੀਅਨ ਪਰਿਵਾਰ ਤੋੜੇ ਜਾਣਗੇ। ਭੈਣ ਭਾਈ,ਜਬਰਦਸਤੀ ਜੁਦੇ ਕੀਤੇ ਜਾਣਗੇ । ਆਮ ਗਰੀਬ,ਘੱਟ ਤਨਖਾਹ ਵਾਲੇ,ਬਜ਼ੁਰਗ, ਵਿਦਿਆਰਥੀ,ਮੌਸਮੀ ਕੰਮ ਵਾਲੇ,ਬੇ-ਰੋਜ਼ਗਾਰ ਅਤੇ ਸਿੰਗਲ ਮਦਰਜ਼ ਆਦਿ ਉਪਰ ਜਬਰਦਸਤ ਹਮਲਾ ਹੈ । ਘਰਾਂ ਦੀਆਂ ਬੇਸਮਿੰਟਾਂ ਸਸਤੇ ਕਿਰਾਏ ਤੇ ਹਨ। ਦੂਜੇ ਪਾਸੇ ਅਪਾਰਟਮੈਂਟਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ ਜੋ ਪਹੁੰਚ ਤੋਂ ਬਾਹਰ ਹਨ ।

ਖਚਾ ਖਚ ਭਰੇ ਹਾਲ ਵਿਚ,ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਕੱਤਰ ਸਾਥੀ ਮਹਿੰਦਰ ਸਿੰਘ ਸੂਮਲ ਨੇ ਮੀਟਿੰਗ ਸ਼ੁਰੂ ਕਰਨ ਸਮੇਂ ਬੇਸਮਿੰਟਾਂ ਦਾ ਮਸਲਾ ਅਤੇ ਇਸਦੇ ਪਰਿਵਾਰਾਂ ਨੂੰ ਤੋੜਨ,ਨਸਲਵਾਦ ਫੈਲਾਉਣ ਅਤੇ ਵਿਦਿਆਰਥੀਆਂ ਤੇ ਗਰੀਬ ਲੋਕਾਂ ਨੂੰ ਘਰਾਂ ਵਿਚੋਂ ਕੱਢਣ ਦੇ ਮਾਰੂ ਅਸਰਾਂ ਬਾਰੇ ਦਸਦੇ ਹੋਏ ਪਰੋਗਰਾਮ ਨੂੰ ਬੜੇ ਸੁਚੱਜੇ ਢੰਗ ਨਾਲ ਉਲੀਕਿਆ ਤੇ ਪੇਸ਼ ਕੀਤਾ। ਉਨ੍ਹਾਂ ਨੇ ਦਸਿਆ ਕਿ ਜੇਕਰ ਥੱਲੇ ਦੇ ਹਿੱਸੇ ਵਿਚ ਕਮਰੇ ਤੇ ਦੂਜੀ ਕਿਚਨ ਨਹੀਂ ਬਣਾ ਸਕਦੇ ਤਾਂ ਗੱਲਸਾਫ ਹੈ ਕਿ ਉਪਰ ਸਿਰਫ ਪਤੀ ਪਤਨੀ ਤੇ ਮਸੀਂ ਦੋ ਤਿੰਨ ਬੱਚੇ ਹੀ ਰਹਿ ਸਕਣਗੇ। ਫਿਰ ਇਸਦਾ ਭਾਵ ਕਿ ਘਰ ਵਾਲੇ ਦੇ ਮਾਂ ਬਾਪ ਅਤੇ ਵਿਆਹਿਆ ਹੋਇਆ ਲੜਕਾ ਜਾਂ ਭੈਣ ਭਾਈ ਨੂੰ ਘਰ ਵਿਚੋਂ ਕਢਿਆ ਜਾਵੇਗਾ। ਅਸੀਂ ਮਾਂ ਬਾਪ ਨੂੰ ਪੱਛਮੀ ਸਭਿਅਤਾ ਵਾਂਗ ਰੈਸਟ ਹੋਮਜ਼ ਵਿਚ ਨਹੀਂ ਭੇਜ ਸਕਦੇ। ਅਸੀਂ ਆਪ ਸੇਵਾ ਕਰਦੇ ਹਾਂ। ਸੋ ਪਰਿਵਾਰ ਦੇ ਏਕਤਾ ਬਚਾਉ ਲਈ ਅਤੇ ਘੱਟ ਆਮਦਨ ਵਾਲੇ ਲੋਕਾਂ ਨੂੰ ਬਚਾਉਣ ਲਈ ਕੌਂਸਲ ਦੇ ਇਸ ਘਿਨਾਉਣੀ ਨੀਤੀ ਵਿਰੁੱਧ ਲੜਨਾ ਜ਼ਰੂਰੀ ਹੈ।

ਸਟੇਜ ਦੀ ਪ੍ਰਧਾਨਗੀ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੂੰ ਮੀਟਿੰਗ ਦੀ ਕਾਰਵਾਈ ਆਰੰਭ ਕਰਨ ਲਈ ਤਾੜੀਆਂ ਦੀ ਗੂੰਜ ਵਿਚ ਸਦਿਆ ਗਿਆ ਫਿਰ ਸਾਥੀ,ਗੁਰਨਾਮ ਸਿੰਘ ਸੰਘੇੜਾ ਨੂੰ ਸਪੋਕਸ ਪਰਸਨ ਦੇ ਤੌਰ ਤੇ ਅਤੇ ਅੰਗਰੇਜ਼ੀ ਦੇ ਪੱਖ ਨੂੰ ਕਵਰ ਕਰਨ ਲਈ ਸਟੇਜ ਤੇ ਸਦਿਆ ਗਿਆ।

ਸਾਥੀ ਮਹਿੰਦਰ ਸਿੰਘ ਸੂਮਲ ਨੇ ਹੈਰੀ ਰਿੰਕਨ ਨੂੰ ਆਪਣੀ ਸਪੀਚ ਦੇਣ ਲਈ ਸਦਿਆ ਗਿਆ ਜਿਸਦੇ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਹੈਰੀ ਰਿੰਕਨ ਨੇ ਬਹੁਤ ਹੀ ਵਧੀਆ ਤੇ ਅਸਰਦਾਇਕ ਢੰਗ ਨਾਲ ਮਸਲੇ ਦੇ ਹਰ ਪੱਖ ਨੂੰ ਪੰਜ ਪਾਸਿਆਂ ਵਿਚ ਵੰਡ ਕੇ ਵਿਸਥਾਰ ਪੂਰਬਕ ਪਰ ਸਰਲ ਤਰੀਕੇ ਨਾਲ ਪੇਸ਼ ਕੀਤਾ। ਲੋਕਾਂ ਦੇ ਚਿਹਰਿਆਂ ਤੋਂ ਸਾਫ ਦਿਸਦਾ ਸੀ ਕਿ ਉਹ ਕਿੰਨੇ ਪ੍ਰਭਾਵਤ ਸਨ । ਹੈਰੀ ਰੈਨਕਨ ਨੇ ਆਖਿਆ ਕਿ ਪਿਛਲੇ ਸੱਠ ਸਾਲਾਂ ਵਿਚ 95 (ਪਚੱਨਵੇਂ)ਫੀ ਸਦੀ ਸਮਾਂ ਸੱਜ ਪਿਛਾਖੜੀ ਐਨ.ਪੀ.ਏ. ਤਾਕਤ ਵਿਚ ਰਹੀ ਹੈ ਅਤੇ ਉਸਦੇ ਸਮੇਂ ਵਿਚ ਬੇਸਮਿੰਟਾਂ ਤੇ ਦੂਜੀ ਕਿਚਨ ਬਣਦੇ ਰਹੇ ਪਰ ਉਸਨੇ ਲੋਕਾਂ ਦੀ ਆਰਥਕ ਪਹੁੰਚ ਵਾਲੇ ਘਰ ਨਾ ਬਣਾਏ । ਇਸ ਸ਼ਹਿਰ ਵਿਚ ਬਹੁ ਸਾਰੀਆਂ ਨਸਲਾਂ ਤੇ ਰੰਗ ਦੇ ਲੋਕ ਹਨ । ਇਥੇ ਦੇ ਸਾਰੇ ਲੋਕ ਅਮਨ ਨਾਲ ਰਹਿਣਾ ਚਾਹੁੰਦੇ ਹਨ ਪਰ ਇਸ ਕੌਂਸਲ ਦੀਆਂ ਬੇਹੂਦਾ ਤਜ਼ਵੀਜ਼ਾਂ ਪੁੱਠੇ ਪਾਸੇ ਲਿਜਾਣਗੀਆਂ। ਇਸ ਪਾਲਿਸੀ ਵਿਚ ਨਸਲਵਾਦੀ ਰੰਗਤ ਦਿਸਦੀ ਹੈ। ਉਸਨੇ ਅੱਗੇ ਕਿਹਾ ਕਿ ਜਸਨੇ ਮਹਿੰਗਾ ਲਾਟ ਲੈਣਾ ਹੈ,ਉਹ ਛੋਟੀ ਜਿਹੀ ਕੁਟੀਆ ਕਿਵੇਂ ਪਾਵੇਗਾ ਕਾਰਾਂ ਦੀ ਗਲ ਬਾਰੇ ਦਸਿਆ ਕਿ ਹੁਣ ਤੇ ਇਕ ਪਰਿਵਾਰ ਵਿਚ ਭੀ ਹਰ ਮੈਂਬਰ ਪਾਸ ਕਾਰ ਹੈ । ਸੋ ਇਹ ਬੇਹੂਦਾ ਦਲੀਲ ਹੈ। ਉਸਨੇ ਆਖਿਆ ਕਿ ਇਸ ਮਸਲੇ ਤੇ ਖੋਜ ਹੋਵੇ ਅਤੇ ਇਕ ਲਾਈਨ ਮਿਥੀ ਜਾਵੇ। ਉਸਨੇ ਸਾਡੀ ਕਮਿਊਨਿਟੀ ਦੀਆਂ ਮਾਂ ਬਾਪ ਦੀ ਸੇਵਾ ਆਦਿ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਐਂਗਲੋ ਸੈਕਸ਼ਨ ਨੂੰ ਭੀ ਇਹ ਸਿੱਖਣਾ ਚਾਹੀਦਾ ਹੈ। ਉਸਨੇ ਇਹ ਭੀ ਕਿਹਾ ਕਿ ਸ਼ਹਿਰ ਬਦਲਦਾ ਰਿਹਾ ਹੈ ਅਤੇ ਇਸਦੇ ਘਰਾਂ ਦੀ ਬਣਤਰ ਤੇ ਸਾਈਜ਼ ਭੀ। ਇਹ ਬਹੁ-ਨਸਲੀ ਤੇ ਬਹੁ-ਸਭਿਆਚਾਰਕ ਹੈ,ਸੋ ਉਸਦੇ ਅਨੁਸਾਰ ਹੀ ਘਰ ਹੋਣਗੇ । ਉਸਨੇ ਦਸਿਆ ਕਿ "ਕੋਪ"ਦੀ ਕੌਂਸਲ ਦੇ ਸਮੇਂ "ਆਰਥਕ ਤੰਗੀ"ਆਦਿ ਦੀ ਮੱਦ ਹੇਠ ਅਸੀਂ ਬੇਸਮਿੰਟ ਸੁਈਟ ਦੀ ਮਨਜ਼ੂਰੀ ਦਿੰਦੇ ਰਹੇ ਹਾਂ। ਉਸਨੇ ਆਖਿਆ ਹੋਰ ਵਾਧੂ ਟੈਕਸ ਲਾਉਣ ਦੀ ਲੋੜ ਨਹੀਂ। ਬੇਸਮਿੰਟਾਂ ਹੈਲਥ ਅਤੇ ਸੇਫਟੀ ਸਟੈਂਡਰਡ ਦੀਆਂ ਹੋਣ ਤਾਂ ਠੀਕ ਹੈ। ਉਸਨੇ ਆਖਿਆ ਕਿ ਏਰੀਏ ਦੀਆਂ ਮੀਟਿੰਗਾਂ ਰਾਹੀਂ ਲੋਕਾਂ ਨੂੰ ਆਪਸ ਵਿਚ ਨਾ ਲੜਾਉ ।

ਫਿਰ ਟੈਂਨੈਂਟਸ ਰਾਈਟਸ ਕੁਲੀਸ਼ਨ ਦੇ ਪ੍ਰਧਾਨ ਡੇਵਿਡ ਲੇਨ (ਜੋ ਬੀਮਾਰੀ ਦੀ ਹਾਲਤ ਵਿਚ ਭੀ ਆਇਆ ਸੀ)ਨੇ ਕਿਰਾਏਦਾਰਾਂ ਦਾ

ਬਾਕੀ ਸਫਾ [illegible] ਤੇ


## ਫਾਰਮ ਵਰਕਰਾਂ ਦੀ ਲੋੜ ਹੈ

ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੁੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ । ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:

ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ)
590-1438



## ਸੁਪਰ ਫੋਟੋ ਸਟੂਡੀਓ

Passport Photos 5 Mins. Service
Quality Portraits
Our Bussiness Weddings

**Super Photo Studio**

9375 - 120th St. (Scott Rd.) Delta

Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668
Res. 596-3770



# DOSANJH & PIRANI

#202 - 5887 Victoria Drive, Vancouver, B.C. V5P 3W5

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

## ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਯੂਬਾ ਸਿਟੀ ਗਾਈਡ



**G S B**

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਫ਼ਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫ਼ੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

---

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR® **MLS**

**Domain Realty**

(916) 671-4817

**Broker: Dr. Gulzar S. Johl**
**2086 Live Oak Blvd.**
**Suite C**
**Yuba City, CA 95991**

---

**Fly any Air Line of Your Choice**

**Travel Concepts**

**Full Service Travel Agency**
**Air Line Tickets to anywhere in the World**

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋ ਤਾਂ ਹਰ
ਕਿਸ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

**459 Palora Ave. Yuba City, CA 95901** **(916) 671-3922**

---

Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

**(916) 671-3105**

472 Palora Ave.
Yuba City
Calif. 95991

# ਕੈਲੇਫੋਰਨੀਆ ਗਾਈਡ

ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

**INDICA IMPORTS — 4925 E. King Canyon Road, FRESNO, CA. .**

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

## Kamla Emporium

● ਮਸਾਲੇ ● ਆਟਾ ● ਗਰੌਸਰੀ ● ਕੱਪੜੇ ● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ ਮੂਵੀਜ਼ ● 220 ਵੋਲਟੇਜ਼ ਅਪਲਾਇੰਸਿਜ

'ਕੈਨੇਡਾ ਦਰਪਣ' ਅਖਬਾਰ ਵੀ ਇਥੋਂ ਮਿਲਦਾ ਹੈ

**2974 - Aborn Road, SAN JOSE, CA.**

ਇੰਦਰ ਮੋਹਨ ਨੂੰ ਫ਼ੋਨ ਕਰੋ :

(408) 270-2070

## PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

ਜੱਸੀ ਗਰੇਵਾਲ

(408) 738-0400

Credit or no Credit

CALL:

**Jessie Grewal**

2 to 5% over Dealer Cost

**Pete Ellis Dodge**



**1095, West El Camino Real**

**SUNNYVALE, CALIFORNIA 94087**

## ਪੰਜਾਬੀ ਅਦੀਬ ਸ਼ਹਿਬਾਜ਼ ਮਲਿਕ ਨੂੰ ਵਾਰਿਸ ਸ਼ਾਹ ਹਿਜਰੀ ਐਵਾਰਡ

ਲਾਹੌਰ:—ਪੰਜਾਬੀ ਜ਼ਬਾਨ ਤੇ ਅਦਬ ਦੇ ਨਾਮਵਰ ਖੋਜ ਤੇ ਆਲੋਚਕ,ਪੰਜਾਬੀ ਵਿਭਾਗ,ਪੰਜਾਬ ਯੂਨੀਵਰਸਿਟੀ ਲਾਹੌਰ ਦੇ ਇੰਚਾਰਜ ਅਤੇ ਛਿਮਾਹੀ "ਖੋਜ" ਦੇ ਸੰਪਾਦਕ ਡਾ:ਸ਼ਹਿਬਾਜ਼ ਮਲਿਕ ਦੀ ਕਿਤਾਬ 'ਮੌਲਵੀ ਅਹਿਮਦ ਯਾਰ:ਫਿਕਰ ਤੇ ਫਨ' ਨੂੰ ਅਕਾਦਮੀ ਅਦਬੀ ਆਫ ਪਾਕਿਸਤਾਨ ਵਲੋਂ 1404 ਹਿਜਰੀ ਦਾ 'ਵਾਰਿਸ ਸ਼ਾਹ ਹਿਜਰੀ ਐਵਾਰਡ' ਦਿਤਾ ਗਿਆ ਹੈ ਜਿਸਦੀ ਰਕਮ 20 ਹਜ਼ਾਰ ਰੁਪਏ ਹੈ। ਇਸ ਦਾ ਐਲਾਨ ਪਿਛਲੇ ਦਿਨੀਂ ਅਕਾਦਮੀ ਵਲੋਂ ਕੀਤਾ ਗਿਆ। ਡਾ:ਸ਼ਹਿਬਾਜ਼ ਮਲਿਕ ਨੂੰ ਜਿਸ ਕਿਤਾਬ ਉਤੇ ਐਵਾਰਡ ਮਿਲਿਆ ਹੈ ਉਸ ਕੰਮ ਉਤੇ ਉਨ੍ਹਾਂ ਨੂੰ 1982 ਵਿਚ ਪੰਜਾਬ ਯੂਨੀਵਰਸਿਟੀ ਵਲੋਂ ਪਾਕਿਸਤਾਨ ਦੀ ਪਹਿਲੀ ਪੀ.ਐਚ.ਡੀ.(ਪੰਜਾਬੀ) ਦੀ ਡਿਗਰੀ ਦਿਤੀ ਗਈ ਸੀ। ਡਾ:ਸ਼ਹਿਬਾਜ਼ ਮਲਿਕ ਦੀਆਂ ਹੁਣ ਤੀਕਰ ਪੰਜਾਬੀ ਵਿਚ 24 ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਪੰਜਾਬੀ ਦੀ ਖੋਜ ਬਾਰੇ ਹਨ।

## GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼ੀਦਣ ਵਾਲਿਆਂ ਨੂੰ ਖਾਸ ਸਹੂਲਤ

ਆਪਣੀ ਮਰਜ਼ੀ ਦੀ ਕਾਰ ਖ਼ੀਦਣ ਜਾਂ ਵੇਚਣ ਲਈ

**ਗਿੱਲ ਆਟੋ ਸੇਲਜ਼ 'ਤੇ ਪਹੁੰਚੋ**





ਜਾਣਕਾਰੀ ਲਈ ਫ਼ੋਨ ਕਰੋ :

**(916) 671-3667**

ਸੁਰਜੀਤ ਸਿੰਘ ਗਿੱਲ ਜਾਂ ਮਾਈਕਲ ਸ. ਸਮਰਾ ਨਾਲ ਸੰਪਰਕ ਕਰੋ

**1455 - FRANKLIN ROAD, YUBA CITY, CA.**

## KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

**Estimates Submitted/Pick-up & Delivery**

**Ph. (916) 673-6594 or 674-2500**

**Res: (916) 673-3387**



ਸਵਰਨ ਸਿਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

**632 N. WALTON, ROAD, YUBA CITY, CA.**

# ਵੈਨਕੂਵਰ ਸੱਥ ਵਲੋਂ ਨਾਟਕਾਂ ਦੀ ਸ਼ਾਮ







ਵੈਨਕੂਵਰ ਸੱਥ ਵਲੋਂ 8 ਮਾਰਚ 1987 ਨੂੰ ਵੈਨਕੂਵਰ ਟੈਕਨੀਕਲ ਸੈਕੰਡਰੀ ਸਕੂਲ ਵਿਚ ਨਾਟਕਾਂ ਦਾ ਪਰੋਗਰਾਮ ਪੇਸ਼ ਕੀਤਾ ਗਿਆ। ਇਸ ਵਿਚ ਕੈਨੇਡਾ ਰਹਿ ਰਹੇ ਭਾਰਤੀਆਂ ਦੀ ਜ਼ਿੰਦਗੀ ਬਾਰੇ ਦੋ ਮੁੱਖ ਨਾਟਕ ਅਤੇ ਬੱਚਿਆਂ ਵਲੋਂ ਦੋ ਮਿੰਨੀ ਨਾਟਕ ਸ਼ਾਮਲ ਸਨ। ਇਸਤੋਂ ਬਿਨਾਂ ਗੀਤ-ਸੰਗੀਤ ਅਤੇ ਭੰਗੜਾ ਵੀ ਪੇਸ਼ ਕੀਤਾ ਗਿਆ।

ਪਰੋਗਰਾਮ ਦੇ ਆਰੰਭ ਵਿਚ ਸਟੇਜ ਸਕੱਤਰ ਜਗਦੀਸ਼ ਬਿਨਿੰਗ ਨੇ ਨਾਟਕ ਦੇਖਣ ਆਏ ਦਰਸ਼ਕਾਂ ਨੂੰ ਸੱਥ ਵਲੋਂ ਜੀ ਆਇਆਂ ਆਖਿਆ ਅਤੇ ਦੱਸਿਆ ਕਿ ਸੱਥ ਦਾ ਇਹ ਪਰੋਗਰਾਮ ਅੰਤਰ-ਰਾਸ਼ਟਰੀ ਔਰਤਾਂ ਦੇ ਦਿਨ,ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਅਤੇ ਇਨਕਲਾਬੀ ਲੇਖਕ ਸੰਤ ਰਾਮ ਉਦਾਸੀ ਦੀ ਯਾਦ ਨੂੰ ਸਮਰਪੱਤ ਹੈ।

ਬਲਵਿੰਦਰ ਰੋਡੇ ਅਤੇ ਸੁਖਵਿੰਦਰ ਲਾਲੀ ਦੇ ਗੀਤਾਂ ਨਾਲ ਪਰੋਗਰਾਮ ਦੀ ਸ਼ੁਰੂਆਤ ਹੋਈ। ਇਸਤੋਂ ਬਾਅਦ ਅੰਜੂ ਹੁੰਦਲ ਨੇ ਸੱਥ ਵਲੋਂ ਅੰਤਰ-ਰਾਸ਼ਟਰੀ ਔਰਤਾਂ ਦੇ ਦਿਵਸ ਦੇ ਨਾਂ ਇਕ ਸੁਨੇਹਾ ਪੜ੍ਹਿਆ ਜਿਸ ਵਿਚ ਉਨ੍ਹਾਂ ਕਿਹਾ ਕਿ "ਔਰਤਾਂ ਨਾਲ ਹੁੰਦੇ ਹਰ ਤਰ੍ਹਾਂ ਦੇ ਵਿਤਕਰੇ ਤੇ ਬੇ-ਇਨਸਾਫੀ ਨੂੰ ਧਿਆਨ 'ਚ ਰੱਖਦਿਆਂ ਦੁਨੀਆਂ ਭਰ ਵਿਚ ਚਲ ਰਹੀਆਂ ਜਦੋ-ਜਹਿਦਾਂ ਸਮੇਂ ਦੀ ਲੋੜ ਹਨ। ਭਾਰਤੀ ਔਰਤਾਂ ਨੂੰ ਇਸ ਜਦੋ-ਜਹਿਦ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

ਇਸਤੋਂ ਬਾਅਦ ਸ਼ਾਮ ਦਾ ਪਹਿਲਾ ਨਾਟਕ "ਹਵੇਲੀਆਂ ਤੇ ਪਾਰਕਾਂ" ਸ਼ੁਰੂ ਹੋਇਆ। ਕੈਨੇਡਾ ਵਿਚ ਰਹਿ ਰਹੇ ਪੰਜਾਬੀ ਬਜ਼ੁਰਗਾਂ ਦੀ ਜ਼ਿੰਦਗੀ ਨਾਲ ਸਬੰਧਤ ਇਸ ਨਾਟਕ ਵਿਚ ਉਨ੍ਹਾਂ ਨੂੰ ਦਰਪੇਸ਼ ਆਉਂਦੀਆਂ ਅਨੇਕਾਂ ਸਮੱਸਿਆਵਾਂ ਨੂੰ ਛੋਹਿਆ ਗਿਆ ਹੈ। ਪਰ ਨਾਟਕ ਵਿਚ ਮੁੱਖ ਸਮੱਸਿਆ ਉਨ੍ਹਾਂ ਦੇ ਰਲ ਬੈਠਣ ਲਈ ਥਾਂ ਦੀ ਅਣਹੋਂਦ ਨੂੰ ਬਣਾਇਆ ਗਿਆ ਹੈ। ਤਿੰਨ ਸਿਆਣੀ ਉਮਰ ਦੇ ਬਜ਼ੁਰਗ ਸਾਰੀ ਦਿਹਾੜੀ ਲੋਕਾਂ ਦੇ ਘਰਾਂ ਵਿਚ ਪੇਪਰ ਸੁੱਟਣ ਬਾਅਦ ਸ਼ਹਿਰ ਦੇ ਇਕ ਪਾਰਕ ਵਿਚ ਥੋੜ੍ਹਾ ਚਿਰ ਗੱਪਸ਼ੱਪ ਮਾਰਨ ਲਈ ਬੈਠਦੇ ਹਨ ਅਤੇ ਥਕੇਵਾਂ ਲਾਹੁਣ ਲਈ ਸ਼ਰਾਬ ਪੀਂਦੇ ਹਨ। ਉਥੇ ਬੈਠਿਆਂ ਨੂੰ ਪਹਿਲਾਂ ਇਕ ਨਸਲਵਾਦੀ ਗੋਰਾ ਆ ਕੇ ਗਾਲ੍ਹਾਂ ਕੱਢਦਾ ਹੈ ਤੇ ਫਿਰ ਇਕ ਪੁਲੀਸਮੈਨ ਉਨ੍ਹਾਂ ਨੂੰ ਪਾਰਕ ਵਿਚੋਂ ਉਠਾ ਦਿੰਦਾ ਹੈ। ਇਕ ਹੋਰ ਪਾਤਰ ਸੂਬੇਦਾਰ ਉਨ੍ਹਾਂ ਨੂੰ ਉਥੇ ਆ ਕੇ ਮਿਲਦਾ ਹੈ ਅਤੇ ਬਜ਼ੁਰਗਾਂ ਨੂੰ ਕਸੂਰਵਾਰ ਠਹਿਰਾਉਂਦਾ ਹੈ। ਨਾਟਕ ਦੇ ਅੰਤ 'ਤੇ ਨਾਟਕ ਦਾ ਮੁੱਖ ਪਾਤਰ ਜਗਤ ਸਿੰਘ ਲੋਕਾਂ ਤੇ ਸਵਾਲ ਕਰਦਾ ਹੈ ਕਿ ਜੇ ਅਸੀਂ ਪਾਰਕਾਂ ਵਿਚ ਨਾ ਬੈਠੀਏ ਤਾਂ ਕਿਥੇ ਬੈਠੀਏ। ਉਹ ਕਿਹੜਾ ਥਾਂ ਹੈ ਸਾਡੀ ਕਮਿਊਨਿਟੀ ਵਿਚ ਜਿਥੇ ਸਾਡੇ ਵਰਗੇ ਬਜ਼ੁਰਗ ਬੈਠ ਸਕਣ?

ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਸਨ ਮੱਖਣ ਟੁੱਟ,ਸੁਖਵੰਤ ਹੁੰਦਲ,ਮਨਜੀਤ ਸਿੰਘ,ਅਮਨਪਾਲ ਸਾਰਾ ਤੇ ਫਰੈਂਕ ਮੈਕਨੀਲ। ਨਾਟਕ ਦੇ ਲੇਖਕ ਸਨ ਸਾਧੂ ਅਤੇ ਸੁਖਵੰਤ ਹੁੰਦਲ। ਨੌਜਵਾਨ ਕਲਾਕਾਰਾਂ ਨੂੰ ਬਜ਼ੁਰਗਾਂ ਦਾ ਰੂਪ ਦੇਣ ਲਈ ਮੇਕ-ਅੱਪ ਮੱਖਣ ਟੁੱਟ ਨੇ ਕੀਤਾ।

ਪਹਿਲੇ ਨਾਟਕ ਤੋਂ ਬਾਅਦ ਬਲਵਿੰਦਰ ਰੋਡੇ ਨੇ ਇਕ ਹੋਰ ਗੀਤ ਗਾਇਆ ਅਤੇ ਸੁਖਵੰਤ ਹੁੰਦਲ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਅਤੇ ਵਿਛੜ ਚੁੱਕੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸਤੋਂ ਬਾਅਦ ਬੱਚਿਆਂ ਦੇ ਦੋ ਮਿੰਨੀ ਨਾਟਕ ਪੇਸ਼ ਕੀਤੇ ਗਏ। ਪਹਿਲੇ ਨਾਟਕ ਵਿਚ ਪੰਜਾਬੀ ਸਮਾਜ ਵਿਚ ਕੁੜੀ,ਮੁੰਡੇ ਦੇ ਜਨਮ ਸਮੇਂ ਮਾਪਿਆਂ ਵਲੋਂ ਜੋ ਵੱਖਰੇ ਵੱਖਰੇ ਪ੍ਰਤੀਕਰਮ ਹੁੰਦੇ ਹਨ। ਉਨ੍ਹਾਂ ਉਪਰ ਰੌਸ਼ਨੀ ਪਾਈ ਗਈ। ਦੂਜੇ ਮਿੰਨੀ ਨਾਟਕ ਦਾ ਵਿਸ਼ਾ ਘਰ ਵਿਚ ਔਰਤ ਮਰਦ ਵਲੋਂ ਘਰ ਦੇ ਕੰਮ ਕਾਜ ਦੀ ਵੰਡ ਬਾਰੇ ਸੀ। ਪਰ ਆਵਾਜ਼ ਦੀ ਸਮੱਸਿਆ ਹੋਣ ਕਰਕੇ ਇਹ ਨਾਟਕ ਆਪਣਾ ਪ੍ਰਭਾਵ ਨਹੀਂ ਛੱਡ ਸਕਿਆ। ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਬੱਚੇ ਸਨ ਪ੍ਰੀਆ ਬਿਨਿੰਗ,ਰੁਪਿੰਦਰ ਅਰਕ,ਪ੍ਰੀਤ ਬਿਨਿੰਗ ਤੇ ਸ਼ਬਨੀਤ ਅਰਕ ਇਨ੍ਹਾਂ ਨਾਟਕਾਂ ਨੂੰ ਲਿਖਿਆ ਸੀ ਸਾਧੂ,ਸੁਖਵੰਤ ਹੁੰਦਲ ਅਤੇ ਜਗਦੀਸ਼ ਬਿਨਿੰਗ ਨੇ।

ਇਸ ਸ਼ਾਮ ਦਾ ਆਖਰੀ ਨਾਟਕ ਸੀ "ਕਿਹਦਾ ਵਿਆਹ"। ਇਹ ਨਾਟਕ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੀਆਂ ਦੋ ਪੀੜ੍ਹੀਆਂ ਵਿਚਕਾਰ ਕਸਮਕਸ਼ ਦੀ ਕਹਾਣੀ ਹੈ। ਉਂਝ ਤਾਂ ਦੋ ਪੀੜ੍ਹੀਆਂ ਵਿਚਕਾਰ ਸਦਾ ਹੀ ਕਸ਼ਮਕਸ਼ ਰਹਿੰਦੀ ਹੈ ਅਤੇ ਇਸਦੇ ਵੱਖ ਵੱਖ ਸਮੇਂ ਵੱਖ ਵੱਖ ਕਾਰਨ ਹੁੰਦੇ ਹਨ। ਇਹ ਨਾਟਕ ਮਾਪਿਆਂ ਅਤੇ ਬੱਚਿਆਂ ਦੇ ਵਿਆਹ ਬਾਰੇ ਵੱਖਰੇ ਵੱਖਰੇ ਨਜ਼ਰੀਏ ਉਪਰ ਕੇਂਦਰਿਤ ਹੈ। ਮਾਪਿਆਂ ਦਾ ਖਿਆਲ ਹੈ ਬੱਚੇ ਵਿਆਹ ਦੇ ਮਾਮਲੇ ਵਿਚ ਆਪ ਫੈਸਲਾ ਕਰਨ ਦੇ ਯੋਗ ਨਹੀਂ ਇਸ ਲਈ ਉਨ੍ਹਾਂ ਨੂੰ ਮਾਪਿਆਂ ਦਾ ਫੈਸਲਾ ਸਵੀਕਾਰ ਕਰਨਾ ਚਾਹੀਦਾ ਹੈ। ਨਾਲ ਹੀ ਮਾਪਿਆਂ ਦੇ ਖਿਆਲ ਵਿਚ ਇਕੱਲਾ ਮੁੰਡਾ ਜਾਂ ਕੁੜੀ ਹੀ ਨਹੀਂ ਸਗੋਂ ਉਨ੍ਹਾਂ ਦੇ ਘਰਦਿਆਂ ਦੀ ਆਰਥਿਕ ਤੇ ਸਮਾਜਿਕ ਪੁਜ਼ੀਸ਼ਨ ਵੀ ਵਿਆਹ ਦਾ ਫੈਸਲਾ ਕਰਨ ਵੇਲੇ ਧਿਆਨ ਵਿਚ ਰੱਖਣੀ ਚਾਹੀਦੀ ਹੈ। ਦੂਸਰੇ ਪਾਸੇ ਬੱਚੇ ਸਮਝਦੇ ਹਨ ਕਿ ਵਿਆਹ ਉਨ੍ਹਾਂ ਦਾ ਜਾਤੀ ਮਾਮਲਾ ਹੈ ਅਤੇ ਉਸ ਬਾਰੇ ਆਖਰੀ ਫੈਸਲਾ ਕਰਨ ਦਾ ਹੱਕ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਪਰਿਵਾਰਾਂ ਦੀ ਥਾਂ ਮੁੰਡੇ ਕੁੜੀ ਦੇ ਰਹਿਣ ਸਹਿਣ ਦੇ ਢੰਗਾਂ ਨੂੰ ਜ਼ਿਆਦਾ ਮਹੱਤਤਾ ਦੇਣੀ ਚਾਹੀਦੀ ਹੈ। ਇਹ ਨਾਟਕ ਤਿੰਨਾਂ ਸੀਨਾਂ ਵਿਚ ਪੇਸ਼ ਕੀਤਾ ਗਿਆ। ਪਹਿਲੇ ਸੀਨ ਵਿਚ ਕੁੜੀ ਦਾ ਘਰ ਦਰਸਾਇਆ ਗਿਆ ਹੈ। ਦੂਜੇ ਵਿਚ ਮੁੰਡੇ ਦੇ ਮਾਂ ਪਿਉ ਦੀ ਉਹਦੇ ਵਿਆਹ ਬਾਰੇ ਆਪਸੀ ਗੱਲਬਾਤ ਦਰਸਾਈ ਗਈ ਹੈ। ਤੀਜੇ ਸੀਨ ਵਿਚ ਮੁੰਡੇ ਕੁੜੀ ਕੁੜੀ ਦੇ ਘਰ ਉਹਨੂੰ ਦੇਖਣ ਆਉਂਦੇ ਹਨ। ਨਾਟਕ ਦੇ ਅਖੀਰ ਵਿਚ ਮੁੰਡਾ ਕੁੜੀ ਆਪਸੀ ਗੱਲਬਾਤ ਤੋਂ ਬਾਅਦ ਵਿਆਹ ਨਾ ਕਰਾਉਣ ਦਾ ਫੈਸਲਾ ਕਰਦੇ ਹਨ ਅਤੇ ਆਪਣੇ ਮਾਪਿਆਂ ਅਤੇ ਲੋਕਾਂ ਉਪਰ ਸਵਾਲ ਕਰਦੇ ਹਨ ਕਿ ਉਹ ਬੱਚਿਆਂ ਉਪਰ ਆਪਣੇ ਫੈਸਲੇ ਕਿੰਨਾ ਕੁ ਚਿਰ ਠੋਸਦੇ ਰਹਿਣਗੇ? ਨਾਟਕ ਵਿਚਲੇ ਸਾਰੇ ਕਲਾਕਾਰਾਂ ਨੇ ਆਪੋ ਆਪਣਾ ਰੋਲ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਨਿਭਾਇਆ। ਪਹਿਲੇ ਨਾਟਕਾਂ ਦੌਰਾਨ ਪੇਸ਼ ਆਈ ਆਵਾਜ਼ ਦੀ ਮੁਸ਼ਕਲ ਉਪਰ ਵੀ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਚੁੱਕਿਆ ਸੀ। ਦਰਸ਼ਕਾਂ ਦੇ ਪ੍ਰਤੀਕਰਮ ਤੋਂ ਲਗਦਾ ਸੀ ਕਿ ਇਸ ਨਾਟਕ ਨੇ ਉਨ੍ਹਾਂ ਦੀ ਸ਼ਾਮ ਨੂੰ ਇਕ ਸਫਲ ਸ਼ਾਮ ਬਣਾ ਦਿੱਤਾ ਸੀ।

ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਸਨ,ਹਰਜਿੰਦਰ ਸਾਂਗਰਾ,ਅੰਮ੍ਰਿਤ ਮਾਨ,ਪਿੰਦੀ ਗਿੱਲ,ਮੱਖਣ ਟੁੱਟ,ਅੰਜੂ ਹੁੰਦਲ ਅਤੇ ਰਮਿੰਦਰ (ਨਿੱਕ) ਸਹੋਤਾ। ਨਾਟਕ ਲਿਖਿਆ ਸੀ ਸਾਧੂ ਅਤੇ ਸੁਖਵੰਤ ਹੁੰਦਲ ਨੇ। ਇਹ ਨਾਟਕ ਯੂ.ਬੀ.ਸੀ.ਵਿਚ ਖੇਡੇ ਗਏ ਨਾਟਕ ਦੇ ਆਧਾਰ ਤੇ ਵਧਾ ਕੇ ਲਿਖਿਆ ਗਿਆ ਸੀ। ਪਹਿਲੇ ਰੂਪ ਵਿਚ ਨਾਟਕ ਨੂੰ ਤਿਆਰ ਕਰਨ ਵਾਲੇ ਸਨ:ਹਰਜਿੰਦਰ ਸਾਂਗਰਾ,ਪਿੰਦੀ ਗਿੱਲ,ਰਾਜਿੰਦਰ ਦਿਓ,ਰੋਮੇਨਾ ਹੇਰ,ਟੋਨੀ ਗਰੇਵਾਲ ਤੇ ਮੱਖਣ ਟੁੱਟ।

ਸ਼ਾਮ ਦੇ ਤਿੰਨਾਂ ਨਾਟਕਾਂ ਨੂੰ ਪੇਸ਼ ਕਰਨ ਤੋਂ ਪਹਿਲਾਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਸਾਧੂ ਨੇ ਦਰਸ਼ਕਾਂ ਨਾਲ ਸਾਂਝੀ ਕੀਤੀ।

ਨਾਟਕਾਂ ਤੋਂ ਬਾਅਦ ਅਮਨਪਾਲ ਸਾਰਾ ਨੇ ਵੈਨਕੂਵਰ ਸੱਥ ਵਲੋਂ ਦਰਸ਼ਕਾਂ ਦਾ ਅਤੇ ਉਨ੍ਹਾਂ ਵਿਅਕਤੀਆਂ,ਅਖਬਾਰਾਂ,ਰੇਡੀਓ ਅਤੇ ਟੀ.ਵੀ.ਪਰੋਗਰਾਮਾਂ,ਜਿਨ੍ਹਾਂ ਨੇ ਨਾਟਕਾਂ ਦੀ ਸ਼ਾਮ ਨੂੰ ਕਾਮਯਾਬ ਕਰਨ ਵਿਚ ਮੱਦਦ ਕੀਤੀ,ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਟੀ.ਵੀ.ਹੋਸਟ

ਬਾਕੀ ਪੰਨਾ 21 ਤੇ


TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

# The Manitoba Mirror
# ਮੈਨੀਟੋਬਾ ਦਰਪਣ

Dino's at the New Location
ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5
Ph. 942-1526

ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ
ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼ੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ
ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"

## Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼ੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :
**(204) 477-4600** (24 hrs.)
**Res. 694-3550**

LOCATIONS
REALTY INC.

AUTOPAC
PROTECTING MANITOBANS ON THE MOVE

## Dorion Insurance Agency

ਡੋਰੀਅਨ ਇਨਸ਼ੋਰੈਂਸ ਏਜੰਸੀ

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ
ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ



Kulwant S. Brar
Manager & Owner

Commissioner for oaths

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

509 ELLICE AVE. WINNIPEG, MAN.

## AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ

The Manitoba Mirror

ਮੈਨੀਟੋਬਾ ਦਰਪਣ

# V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

**ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ**

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ



ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

**ਆਓ ਤੇ ਅਜ਼ਮਾ ਕੇ ਦੇਖੋ!**

# BOMBAY FASHIONS

724 SARGENT AVE., WINNIPEG, MANITOBA R3E 0B2

**Ph. 783-0904**

**Prop. BALDEV S. BEDI** M.A.B.A. (Hons.)

# NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



**ਰਾਜ ਸਿੰਘ ਮਾਨ**

ਜਾਂ

**ਸੁਖਜਿੰਦਰ ਸਿੰਘ ਢਿੱਲੋਂ**

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ • ਗਰੁੱਪ ਇਨਸ਼ੋਰੈਂਸ • ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities



**Sukhjinder S. Dhillon**
**Res: 669-2573**

**Ph. 943-1526**

1507 - 330 Portage Ave. WINNIPEG, MAN. R3C 0C4

**Raj Singh Maan** Sales Manager
**Res. 694-0731**
Commissioner for oaths

## ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ
## 'ਕੈਨੇਡਾ ਦਰਪਣ' ਫੋਨ (604) 581-4473

## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉੱਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੇਡਵੁੱਡ ਮੋਟਰਜ਼ ਉੱਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

**ਭਾਰਤ ਜਾਣ ਵਾਲਿਆਂ ਲਈ ਜੇ ਰਾਹ ਵਿਚ ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ ਫਲਾਈਟਾਂ ਦਾ ਵੀ ਪ੍ਰਬੰਧ ਹੈ**



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

## ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

**MENS, LADIES & CHILDRENS' SHOES AND LEATHER LUGGAGE & ACCESSORIES**

**Mohinder Singh Mann**
**ਮੁਹਿੰਦਰ ਸਿੰਘ ਮਾਨ**

**321-4353**

**MANN SHOE STORE**

6570 MAIN ST., VANCOUVER, B.C.

## D.P. Pandia & Associates

**Immigration Consultants**

**Serving the Community Since 1939**

**Ph. (604) 684-3716 or 684-8601**

# 61 - 553 Granville St., Vancouver, B.C.




# ਸਿੱਖ ਸੰਗਤਾਂ ਨੂੰ ਬੇਨਤੀ

ਮੇਹਰ ਸਿੰਘ ਸੰਧੂ

ਕਈ ਕਮੇਟੀਆਂ,ਤੇ ਸਭਾਵਾਂ,ਸਮੂੰਹ ਸਿੱਖਾਂ ਦੀਆਂ ਪ੍ਰਤੀਨਿੱਧ ਤੇ ਗੁਰਸਿੱਖੀ ਦੀਆਂ ਰਖਵਾਲੀਆਂ ਹੋਣ ਦੇ ਭਰਮ ਵਿਚ ਫਸ ਕੇ ਕਈ ਅਜੇਹੀਆਂ ਮਨ-ਮਰਜ਼ੀ ਤੇ ਮਨ-ਘੜਤ ਰਹਿਤ ਮਰਯਾਦਾ ਮਿਥ ਕੇ ਅਤੇ ਪ੍ਰਚਾਰ ਕਰ ਕਰ ਕੇ,ਭਰਮ ਭੁਲੇਖੇ ਵਧਾਉਣ ਦਾ ਕਾਰਨ ਹੋ ਰਹੀਆਂ ਹਨ। ਇਨ੍ਹਾਂ ਮਨਮਤੀ ਮਰਯਾਦਾਂ ਤੇ ਕਰਮ ਕਾਂਡਾਂ ਦੀ ਭਰਮਾਰ,ਗੁਰਸਿੱਖੀ ਲਈ ਹਾਨੀਕਾਰਕ ਹੈ ਤੇ ਇਹ ਪਰਚਾਰ ਵਿਚ ਰੁਕਾਵਟ ਬਣ ਰਹੀਆਂ ਹਨ।

ਇਨ੍ਹਾਂ ਵਿਚੋਂ ਕੁਝ ਤਾਂ ਗੁਰਬਾਣੀ ਦੇ ਆਸ਼ੇ ਦੇ ਵਿਰੁੱਧ ਹਨ। ਇਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ,ਸਿੱਖ ਰਹਿਣੀ,ਗੁਰਮਤਿ ਰਹਿਣੀ ਜਾਂ ਗੁਰਮਤਿ ਕਹਿਣਾ ਯੋਗ ਨਹੀਂ।

ਮੇਰਾ ਭਰੋਸਾ ਹੈ,ਕਲ ਤਾਰਨ ਆਏ,ਜਗਤ ਗੁਰੂ ਪੀਰ ਬਾਬੇ ਨਾਨਕ ਦੇ ਮਨੁੱਖ ਜਾਤੀ ਹੈ ਉਪਦੇਸ਼,ਦੇਸ਼ ਪ੍ਰਦੇਸ਼ ਵਿਚ ਪਹੁੰਚਾਉਣ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਰਹਿਤ ਮਰਿਯਾਦਾਂ ਤੇ ਰਹੁ-ਰੀਤੀਆਂ ਨੂੰ ਵੱਖ ਕਰਕੇ,ਪਰਚਾਰ ਨਿਰੋਲ ਗੁਰਬਾਣੀ ਦਾ ਹੀ ਕੀਤਾ ਜਾਵੇ। ਜਿੰਨ੍ਹਾਂ ਚਿਰ ਸਿੱਖ ਧਰਮ ਦੀ ਸਿੱਖਿਆ ਤੇ ਪ੍ਰਚਾਰ ਕਰਮ-ਕਾਂਡਾਂ ਵਿਚ ਹੀ ਜਕੜਿਆ ਰਹੇਗਾ ਉਨਾ ਚਿਰ ਗੁਰਸਿੱਖੀ ਵਿਸ਼ਵ-ਧਰਮ ਨਹੀਂ ਹੋ ਸਕਦੀ।

ਇਸ ਵੇਲੇ ਸਾਡਾ ਸਖਸ਼ੀ ਜੀਵਨ ਅਜੇਹਾ ਨਹੀਂ ਕਿ ਕਿਸੇ ਨੂੰ ਗੁਰਸਿੱਖੀ ਲਈ ਉਤਸ਼ਾਹ ਦੇ ਸਕੇ। ਧਰਮ ਵੀ,ਹੋਰਨਾਂ ਰੁਜ਼ਗਾਰਾਂ ਵਾਂਗ,ਇਕ ਰੁਜ਼ਗਾਰ ਬਣਿਆ ਹੋਇਆ ਹੈ। ਪੁਰਾਣੇ ਇਤਿਹਾਸ ਤੇ ਗੁਰੂ ਮਹਾਰਾਜ ਜੀ ਦੇ ਪਵਿੱਤਰ ਨਾਮ ਨੂੰ ਵੇਚਿਆ ਜਾ ਰਿਹਾ ਹੈ।

ਧ੍ਰਿਗ ਤਿਨਾ ਕਾ ਜੀਵਿਆ,
ਜੋ ਲਿਖ ਲਿਖ ਵੇਚਹਿ ਨਾਉ।
ਖੇਤੀ ਜਿਨ ਕੀ ਉਜੜੈ,
ਖਲਵਾੜੇ ਕਿਆ ਧਾਉ। (1245)

ਮਨ ਕੇ ਅੰਧੇ ਆਪ ਨ ਬੂਝਹੁ,
ਕਾਹੇ ਬੁਝਾਵਹੁ ਭਾਈ।
ਮਾਇਆ ਕਾਰਨ ਬਿਦਿਆ ਬੇਚਹੁ,
ਜਨਮ ਅਬਿਰਥਾ ਜਾਈ। (ਮਾਰੂ ਕਬੀਰ ਜੀ)

ਐ ਬੇਖਬਰ ਜ਼ਜਜਾ ਕੀ ਤਮੰਨਾ ਭੀ ਛੋੜਦੇ,
ਸੌਦਾਗਰੀ ਨਹੀਂ ਯਿਹ ਇਬਾਦਤ ਖੁਦਾ ਕੀ ਹੈ।

ਮਹਾਰਾਜ ਦੇ ਸਮੇਂ ਦੇ ਪੰਡਿਤਾਂ,ਬ੍ਰਾਹਮਣਾਂ,ਪਾਂਡਿਆਂ,ਮੌਲਵੀਆਂ,ਅਤੇ ਕਾਜ਼ੀਆਂ ਦੇ ਕਸਬ,ਸਵਾਰਥੀ ਸੰਤਾਂ,ਪ੍ਰਚਾਰਕਾਂ,ਰਾਗੀ ਜੱਥਿਆਂ,ਭਾਈਆਂ,ਪਾਠੀਆਂ ਆਦਿ ਨੇ ਸੰਭਾਲ ਲਏ ਹਨ। ਕਿਸੇ ਕਮੇਟੀ ਫਾਊਂਡੇਸ਼ਨ,ਸਭਾ ਸੋਸਾਇਟੀ ਪਾਸ ਆਪਣੇ ਰੁਝੇਵਿਆਂ ਵਿਚ ਐਨਾ ਵਕਤ ਹੀ ਨਹੀਂ ਕਿ ਅੰਤ੍ਰੀਵ ਧਰਮ ਵੱਲ ਧਿਆਨ ਦੇ ਸਕੇ।

ਨਿੱਤ ਵਧਦੀਆਂ ਰਹੁ ਰੀਤਾਂ,ਰਹਿਤ ਮਰਯਾਦਾਂ ਤੇ ਕਰਮ ਕਾਂਡਾਂ ਵਿਚ ਗੁਰਸਿੱਖੀ ਅਲੋਪ ਹੋ ਰਹੀ ਹੈ ਤੇ ਸਿੱਖ-ਪੰਥ ਵੀ ਇਕ ਸਾਧਾਰਨ ਰੀਤਕ-ਧਰਮ ਦਾ ਰੂਪ ਧਾਰ ਰਿਹਾ ਹੈ।

ਸੋ ਕਰਮ ਪ੍ਰਭੂ ਵੱਲ ਪ੍ਰੇਰਦਾ ਹੈ,ਉਸਨੂੰ ਗੁਰਸਿੱਖ ਪੁੰਨ ਸਮਝਦਾ ਹੈ ਅਤੇ ਜੋ ਪਰਮਾਤਮਾ ਤੋਂ ਦੂਰ ਕਰਦਾ ਹੋਵੇ,ਉਹ ਪਾਪ ਹੈ।

ਕੋਈ ਰਹਿਤ ਮਰਿਯਾਦਾ ਰਹੁ ਰੀਤੀ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿੱਖਿਆ ਦੇ ਅਨੁਕੂਲ ਅਤੇ ਆਤਮਕ ਉਨਤੀ ਲਈ ਲਾਭਦਾਇਕ ਹੋਵੇ,ਉਹ ਪ੍ਰਵਾਨ ਹੈ। ਕੋਈ ਰਹਿਤ ਮਰਯਾਦਾ ਜੋ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ,ਧਾਰਨ ਕਰਨੀ ਮਨਮੁੱਖੀ ਕਰਮ ਹੈ,ਭਾਵੇਂ ਉਹ ਰਹਿਤ ਨਾਮਿਆਂ ਵਿਚ ਲਿਖੀ ਹੈ ਜਾਂ ਕਿਸੇ ਪ੍ਰਬੰਧਕ ਕਮੇਟੀ ਨੇ ਬਣਾਈ ਹੈ।

ਪੰਡਿਤ ਮੁਲਾਂ ਜੋ ਲਿਖ ਦੀਆ,
ਛਾਡਿ ਚਲੇ ਹਮ ਕਛੂ ਨ ਲੀਆ (1159)
ਹਮਰਾਂ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ। (1158)

ਲੋੜ ਹੈ ਕਿ ਅਸੀਂ ਅਖਾਉਤੀ ਸੰਤਾਂ,ਤਨਖਾਹਦਾਰ ਪ੍ਰਚਾਰਕਾਂ,ਸਵਾਰਥੀ ਧਾਰਮਕ ਆਗੂਆਂ ਤੇ ਕਮੇਟੀਆਂ ਆਦਿ ਦੇ ਪਾਏ ਭਰਮ ਜਾਲਾਂ ਵਿਚੋਂ ਨਿਕਲੀਏ ਅਤੇ ਕੇਵਲ,ਨਿਰੋਲ ਗੁਰੂ ਦੀ ਹੀ ਸ਼ਰਨ ਲਈਏ। ਗੁਰੂ ਦੀ ਸ਼ਰਨ ਤੋਂ ਭਾਵ ਹੈ,ਪ੍ਰੇਮ ਭਾਵਨਾ ਨਾਲ ਗੁਰਬਾਣੀ ਨੂੰ ਪੜ੍ਹਨਾ,ਉਸਨੂੰ ਵਿਚਾਰ ਕੇ ਹਿਰਦੇ ਵਿਚ ਵਸਾਉਣਾ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਣਾ। ਇਸ ਘਾਲ ਦੇ ਸਾਹਮਣੇ ਸਾਰੇ ਕਰਮ ਕਾਂਡ,ਰਹੁ ਰੀਤੀਆਂ,ਰਹਿਤ ਮਰਯਾਦਾ ਤੇ ਹੋਰ ਸਭ ਸਾਧਨ ਹੇਚ ਹਨ।

ਕਲਜੁਗ ਵਿਚ ਜੇ ਕੋਈ ਪਰਮਾਤਮਾ ਦੇ ਮਿਲਾਪ ਦਾ ਤਰੀਕਾ ਹੈ,ਤਾਂ ਉਹ ਸਿਰਫ ਪ੍ਰਭੂ ਸਿਮਰਨ ਹੀ ਹੈ।

ਭੁਲਣ ਅੰਦਿਰ ਸਭੁ ਕੋ ਅਭੁਲ ਗੁਰੂ ਕਰਤਾਰ (61)

ਨੋਟ:—ਗੁਰਬਾਣੀ ਦੀਆਂ ਤੁਕਾਂ ਦੇ ਅੰਤ ਉਤੇ ਬਰੈਕਟਾਂ ਵਿਚ ਜੋ ਅੰਕ ਦਿੱਤੇ ਹਨ ਉਹ ਗੁਰ ਗਰੰਥ ਸਾਹਿਬ ਦੇ ਪੰਨੇ ਹਨ।

---

ਪੰਨਾ ੨੨ ਦੀ ਬਾਕੀ

ਅਸੀਂ ਆਪਣੇ ਆਦਰਸ਼ਾਂ ਦੀ ਭਾਵਨਾ ਨੂੰ ਜ਼ਿੰਦਾ ਰੱਖੀਏ।

ਹੁਣ ਲਉ ਇਸ ਨਾਅਰੇ ਦੇ ਸ਼ਬਦ 'ਇਨਕਲਾਬ'ਨੂੰ। ਇਸ ਸ਼ਬਦ ਦਾ ਕੋਸ਼ ਵਾਲਾ ਅਰਥ ਵੀ ਹੈ ਪਰ ਸਿਰਫ ਸ਼ਬਦ ਕੋਸ਼ ਦਾ ਅਰਥ ਲੈਣਾ ਹੀ ਕਾਫੀ ਨਹੀਂ। ਇਸ਼ਨੂੰ ਬੋਲਣ ਵਾਲਿਆਂ ਦੀਆਂ ਕੁਝ ਖਾਸ ਸਚਾਈਆਂ ਸ਼ਬਦਾਂ ਦੇ ਨਾਲ ਸਬੰਧਤ ਹਨ। ਸਾਡੇ 'ਇਨਕਲਾਬ ਪਸੰਦ ਲੋਕਾਂ ਦੀ ਨਜ਼ਰ ਵਿਚ ਇਹ ਇਕ ਪਵਿੱਤਰ ਤੇ ਆਦਰਯੋਗ ਸ਼ਬਦ ਹੈ। ਅਸੀਂ ਅਦਾਲਤ ਸਾਹਮਣੇ ਜੋ ਬਿਆਨ ਦਿੱਤਾ ਸੀ ਉਸ ਵਿਚ ਇਸ ਪਵਿੱਤਰ ਸ਼ਬਦ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਬਿਆਨ ਕੀਤਾ ਸੀ।

ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ। ਅਸੀਂ 'ਇਲਕਲਾਬ'ਨੂੰ ਸਦਾ ਅਤੇ ਹਰ ਮੌਕੇ ਤੇ ਸ਼ਸ਼ਤਰਧਾਰੀ ਕਰਾਂਤੀ ਨਾਲ ਨਹੀਂ ਜੋੜਦੇ। ਇਨਕਲਾਬ ਸਦਾ ਪਿਸਤੌਲਾਂ ਤੇ ਬੰਬਾਂ ਵਿਚ ਹੀ ਆਸਥਾ ਨਹੀਂ ਰੱਖਦਾ ਬਲਕਿ ਇਹ ਪਿਸਤੌਲ ਤੇ ਬੰਬ ਤਾਂ ਕਦੇ ਕਦੇ ਇਨਕਲਾਬ ਦੇ ਅਲੱਗ ਅਲੱਗ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣਦੇ ਹਨ,ਪਰ ਇਹ ਪੂਰਨ ਇਨਕਲਾਬ ਨਹੀਂ ਕਹਿ ਸਕਦੇ।

ਸਾਨੂੰ ਇਸ ਵਿਚ ਕੋਈ ਸ਼ੰਕਾਂ ਨਹੀਂ ਕਿ ਕਈ ਅੰਦੋਲਨਾਂ ਵਿਚ ਇਨ੍ਹਾਂ ਸ਼ਸ਼ਤਰਾਂ ਦੀ ਵੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ ਪਰੰਤੂ ਸਿਰਫ ਇਹੀ ਕਾਫੀ ਨਹੀਂ। ਕੇਵਲ ਬਗਾਵਤ ਨੂੰ ਇਨਕਲਾਬ ਕਹਿਣਾ ਗਲਤ ਹੈ ਹਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖਿਰਕਾਰ ਬਗਾਵਤਾਂ ਦਾ ਸਿੱਟਾ ਇਨਕਲਾਬ ਦੇ ਰੂਪ ਵਿਚ ਬਦਲ ਜਾਂਦਾ ਹੈ।

ਅਸੀਂ ਦੇਸ਼ ਵਿਚ ਬਿਹਤਰ ਤਬਦੀਲੀ ਦੀ ਭਾਵਨਾ ਤੇ ਉਨਤੀ ਦੀ ਇੱਛਾ ਲਈ 'ਇਨਕਲਾਬ'ਸ਼ਬਦ ਦਾ ਪ੍ਰਯੋਗ ਕਰਦੇ ਹਾਂ। ਹੁੰਦਾ ਇਹ ਹੈ ਕਿ ਇਕ ਸਥਿਰ ਭਾਵਨਾ ਲੋਕਾਂ ਨੂੰ ਸ਼ਿਕੰਜੇ ਵਿਚ ਲੈ ਲੈਂਦੀ ਹੈ ਤੇ ਉਹ ਕਿਸੇ ਵੀ ਤਰ੍ਹਾਂ ਦੇ ਪਰਿਵਰਤਨ ਤੋਂ ਝਿਝਕਦੇ ਹਨ। ਬੱਸ ਕਿਸੇ ਸਥਿਰਤਾ ਨੂੰ ਤੋੜਨ ਲਈ ਇਨਕਲਾਬੀ ਭਾਵਨਾ ਪੈਦਾ ਕਰਨ ਦੀ ਜ਼ਰੂਰਤ ਹੁੰਦੀ ਹੈ ਨਹੀਂ ਤਾਂ ਗਿਰਾਵਟ ਤੇ ਬਰਬਾਦੀ ਦਾ ਮਾਹੌਲ ਛਾ ਜਾਂਦਾ ਹੈ ਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਪ੍ਰਤੀਗਾਮੀ ਸ਼ਕਤੀਆਂ ਉਨ੍ਹਾਂ ਨੂੰ ਗਲਤ ਰਸਤੇ ਤੇ ਲਿਜਾਣ ਲਈ ਸਫਲ ਹੋ ਜਾਂਦੀਆਂ ਹਨ।

ਇਸ ਸਥਿਤੀ ਹੈ ਬਦਲਣ ਲਈ ਜ਼ਰੂਰੀ ਹੈ ਕਿ ਇਨਕਲਾਬ ਦੀ ਭਾਵਨਾ ਤਾਜ਼ਾ ਕੀਤੀ ਜਾਵੇ ਤਾਂ ਕਿ ਮਾਨਵਤਾ ਦੀ ਭਾਵਨਾ ਵਿਚ ਹਰਕਤ ਪੈਦਾ ਹੋਵੇ ਤੇ ਪ੍ਰਤੀਗਾਮੀ ਸ਼ਕਤੀਆਂ ਮਾਨਵਤਾ ਦੇ ਰਾਹ ਵਿਚ ਰੋੜੇ ਨਾ ਅਟਕਾ ਸਕਣ ਤੇ ਨਾ ਹੀ ਇਹ ਰਾਹ ਨੂੰ ਮਿਟਾਉਣ ਲਈ ਇਕੱਠੀਆਂ ਹੋ ਸਕਣ। ਮਾਨਵ-ਪ੍ਰਗਤੀ ਦਾ ਇਹ ਇਕ ਅਟੁੱਟ ਨਿਯਮ ਹੈ ਕਿ ਪੁਰਾਣੀ ਚੀਜ਼ ਨਵੀਂ ਲਈ ਜਗ੍ਹਾ ਖਾਲੀ ਕਰਦੀ ਜਾਵੇ।

ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੋਗੇ ਕਿ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ,ਜਿਸਦਾ ਮਖੌਲ ਉਡਾਇਆ ਹੈ ਕਿਹੋ ਜਿਹੀ ਭਾਵਨਾ ਰੱਖਦਾ ਹੈ ਤੇ ਅਸੀਂ ਕਿਉਂ ਇਸਦੇ ਇਸਤੇਮਾਲ ਦੇ ਹੱਕ ਵਿਚ ਆਵਾਜ਼ਾਂ ਉਠਾ ਰਹੇ ਹਾਂ।

Courtesy:Sanchetna

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75

Non-smokers pay less for insurance.
MOHINDAR SINGH GILL
B. Comm., M.B.A.,C.G.A.
Life Underwriter
Suite 1206,
4330 Kingsway,
Burnaby, B.C.
Ph. Off. 430-0455
Ph. Res. 433-1684
SunLife OF CANADA



Mohindar Singh Gill
Get your life in shape.

CAR CITY
13286 King George HWY, Surrey
Ph. 584-7666
Used ਕਾਰਾਂ, ਵੈਨਾਂ ਜਾਂ ਪਿਕ ਅੱਪ ਠੀਕ ਤੇ ਸਸਤੀ ਕੀਮਤ ਤੇ ਖ੍ਰੀਦੋ
We Buy, Sell and Trade
Financing Available
O.A.C.
ਫੋਨ ਕਰੋ ਜਾਂ ਮਿਲੋ
ਜਗਰੂਪ (ਜੱਗਾ) ਰਾਏ
Mon. - Fri. 9 a.m. to 9 p.m.
Sat. — 9 a.m. to 5 p.m. [Sunday on Appointment only]



ਜਗਰੂਪ ਸਿੰਘ

# 'ਕੈਨੇਡਾ ਦਰਪਣ' ਫੋਨ (604)581-4473


## I CAN HELP

I'm an Investors professional financial planner. It's my job to help you create and follow a personal financial plan.

I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਊਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED

MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**



FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

# BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.



*Limousine Service* [Daily or Hourly]



LADIES TAILOR FOR PUNJABI SUITS, SARI BLOUSES & DRESSES

**206 East 49th Ave. (at Main St.) Vancouver, B.C.**



# Success Through Service & Experience

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**



# BHANDAL DRYWALL LTD.

**3397 Kingsway, Vancouver, B.C.**

**Ph. 430-5011**

**Vice President**
**Karnail S. Bhandal**



**President**
**Jarnail S. Bhandal M.A.**

# ਕੇਂਦਰ ਦੀ 'ਰਾਜਨੀਤਕ ਸਹਾਇਤਾ

ਪਿਆਰਾ ਸਿੰਘ ਭੋਗਲ

ਤਿੰਨ ਫਰਵਰੀ 1987 ਨੂੰ ਨਵੇਂ ਸਿੰਘ ਸਾਹਿਬਾਨ ਨੇ ਪੁਰਾਣੇ ਅਕਾਲੀ ਦਲ ਭੰਗ ਕਰਨ ਦੇ ਆਦੇਸ਼ ਜਾਰੀ ਕੀਤੇ। ਸਾਰੇ ਅਕਾਲੀ ਦਲਾਂ ਦੇ ਅਹੁਦੇਦਾਰਾਂ ਨੂੰ ਅਸਤੀਫੇ ਦੇਣ ਲਈ ਆਖਿਆ ਗਿਆ। ਪੰਜ ਫਰਵਰੀ 1987 ਨੂੰ ਸਿੰਘ ਸਾਹਿਬਾਨ ਨੇ ਪੁਨਰਗਠਤ ਅਕਾਲੀ ਦਲ ਦਾ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਨੂੰ ਨਿਯੁਕਤ ਕੀਤਾ,ਪਰ ਉਨ੍ਹਾਂ ਦੀ ਨਜ਼ਰਬੰਦੀ ਦੌਰਾਨ ਇਕ ਪ੍ਰਧਾਨਗੀ ਮੰਡਲ ਬਣਾਇਆ ਜਿਸ ਵਿਚ ਸ.ਪ੍ਰਕਾਸ਼ ਸਿੰਘ ਬਾਦਲ,ਬਾਬਾ ਜੋਗਿੰਦਰ ਸਿੰਘ,ਸ.ਗੁਰਚਰਨ ਸਿੰਘ ਟੌਹੜਾ,ਠੇਕੇਦਾਰ ਸੁਰਜਨ ਸਿੰਘ,ਜ.ਜਗਦੇਵ ਸਿੰਘ ਤਲਵੰਡੀ ਤੇ ਸ.ਗਰਜਾ ਸਿੰਘ ਸ਼ਾਮਲ ਕੀਤੇ। ਜਿੰਨੀ ਦੇਰ ਸ.ਪ੍ਰਕਾਸ਼ ਸਿੰਘ ਬਾਦਲ ਅਤੇ ਠੇਕੇਦਾਰ ਸੁਰਜਨ ਸਿੰਘ ਜੇਲ੍ਹ ਵਿਚ ਹਨ,ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਦੀ ਥਾਂ ਸ.ਗੁਰਦੇਵ ਸਿੰਘ ਬਾਦਲ ਅਤੇ ਸ.ਪ੍ਰੇਮ ਸਿੰਘ ਲਾਲਪੁਰਾ ਕੰਮ ਕਰਨਗੇ। ਚਾਰ ਫਰਵਰੀ ਨੂੰ ਸ.ਬਲਵੰਤ ਸਿੰਘ ਦੀ ਅਗਵਾਈ ਵਿੱਚ ਸਿੰਘ ਸਾਹਿਬਾਨ ਨੂੰ ਮਿਲਣ ਲਈ ਲੌਂਗੋਵਾਲ ਅਕਾਲੀ ਦਲ ਦੀ ਕਮੇਟੀ ਦਰਬਾਰ ਸਾਹਿਬ ਕੰਪਲੈਕਸ ਵਿਚ ਪ੍ਰਵੇਸ਼ ਹੀ ਨਾ ਕਰ ਸਕੀ ਅਤੇ ਗੱਲਬਾਤ ਕੀਤੇ ਬਿਨਾਂ ਵਾਪਸ ਆ ਗਈ। ਪੰਜ ਫਰਵਰੀ ਨੂੰ ਸ.ਸੁਰਜੀਤ ਸਿੰਘ ਬਰਨਾਲਾ ਨੇ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਪੁਨਰਗਠਤ ਅਕਾਲੀ ਦਲ "ਸਹੀ ਏਕਾ" ਨਹੀਂ ਹੈ। ਜਿਹੜੇ ਲੋਕ ਸਾਡੇ ਜਮਹੂਰੀ ਅਕਾਲੀ ਦਲ ਦੇ ਸਿਧਾਂਤਾਂ ਦੇ ਖਿਲਾਫ ਹਨ,ਉਹ ਹੀ ਇਸ ਨਵੇਂ ਅਕਾਲੀ ਦਲ ਵਿਚ ਸ਼ਾਮਲ ਕਰ ਦਿੱਤੇ ਗਏ ਹਨ। ਇਹ ਕਾਨੂੰਨੀ ਨੁਕਤਾ ਵੀ ਸਾਹਮਣੇ ਲਿਆਂਦਾ ਗਿਆ ਕਿ ਸਾਰੇ ਅਕਾਲੀ ਦਲ ਭੰਗ ਕਰਕੇ ਪੰਜਾਬ ਵਿਧਾਨ ਸਭਾ ਦੇ ਅਕਾਲੀ ਮੈਂਬਰ "ਨਵੇਂ" ਅਕਾਲੀ ਦਲ ਵਿਚ ਸ਼ਾਮਲ ਹੁੰਦੇ ਹਨ,ਤਾਂ ਉਹ "ਐਂਟੀ ਡੀਫੈਕਸ਼ਨ ਐਕਟ" ਦੇ ਅਧੀਨ ਮੈਂਬਰੀ ਗੁਆ ਬੈਠਦੇ ਹਨ। ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ.ਦਰਸ਼ਨ ਸਿੰਘ ਨੇ ਲੌਂਗੋਵਾਲ ਅਕਾਲੀ ਦਲ ਵਲੋਂ ਉਠਾਇਆ ਗਿਆ ਇਹ ਇਤਰਾਜ਼ ਮੰਨ ਕੇ ਪਿੱਛੋਂ ਦੇ ਬਿਆਨਾਂ ਵਿੱਚ ਤਿੰਨ ਫਰਵਰੀ ਨੂੰ ਦਿੱਤੇ ਗਏ "ਭੰਗ ਕਰਨ ਵਾਲੇ ਆਦੇਸ਼ਾਂ ਨੂੰ ਇਹ ਕਹਿ ਕੇ ਸੋਧ ਲਿਆ ਕਿ ਅਸੀਂ ਪਹਿਲੇ ਅਕਾਲੀ ਦਲ ਨੂੰ ਭੰਗ ਨਹੀਂ ਕੀਤਾ,ਸਿਰਫ ਲੀਡਰਸ਼ਿਪ ਬਦਲੀ ਹੈ,ਤਾਂ ਕਿ ਪੁਰਾਣਾ ਅਕਾਲੀ ਦਲ ਸਹੀ ਅਰਥਾਂ ਵਿੱਚ ਸਮੁੱਚੇ ਸਿੱਖ ਪੰਥ ਦੀ "ਕੌਮੀ ਜਥੇਬੰਦੀ" ਬਣ ਸਕੇ। ਪਰ ਨਾਲ ਹੀ ਉਨ੍ਹਾਂ ਨੇ ਸ.ਸੁਰਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਕੰਮ ਕਰ ਰਹੀ ਅਕਾਲੀ ਪਾਰਟੀ ਦੀਆਂ "ਪੁਨਰ-ਵਿਚਾਰ" ਅਤੇ ਆਪਸੀ ਸਲਾਹ-ਮਸ਼ਵਰੇ ਲਈ ਕੀਤੀਆਂ ਸਭ ਅਪੀਲਾਂ ਰੱਦ ਕਰ ਦਿੱਤੀਆਂ।

## ਪੰਥਕ ਏਕਤਾ

8 ਫਰਵਰੀ ਨੂੰ ਸ.ਹਰਭਜਨ ਸਿੰਘ ਸੰਧੂ ਖੇਤੀਬਾੜੀ ਮੰਤਰੀ ਸ.ਸੁਰਜੀਤ ਸਿੰਘ ਬਰਨਾਲਾ ਦੀ ਚਿੱਠੀ ਲੈ ਕੇ ਪ੍ਰੋ.ਦਰਸ਼ਨ ਸਿੰਘ ਨੂੰ ਮਿਲੇ ਬਰਨਾਲਾ ਸਾਹਿਬ ਨੇ ਇਸ ਦਿਨ ਪ੍ਰੋ.ਦਰਸ਼ਨ ਸਿੰਘ ਨਾਲ ਟੈਲੀਫੋਨ ਤੇ ਗੱਲਬਾਤ ਕੀਤੀ। ਸਿੰਘ ਸਾਹਿਬਾਨ ਨੇ ਬਰਨਾਲਾ ਸਾਹਿਬ ਦੀ ਚਿੱਠੀ ਪੜ੍ਹ ਕੇ ਅਤੇ ਸ.ਸੰਧੂ ਨਾਲ ਗੱਲਬਾਤ ਕਰਕੇ ਐਲਾਨ ਕੀਤਾ ਕਿ ਅੱਜ ਮੁਕੰਮਲ ਪੰਥਕ ਏਕਤਾ ਹੋ ਗਈ ਹੈ,ਤੇ ਪੰਥ ਨੂੰ ਮੈਂ ਇਸ ਮਹਾਨ ਪ੍ਰਾਪਤੀ ਲਈ ਵਧਾਈ ਦਿੰਦਾ ਹਾਂ। ਪਰ ਇਸੇ ਸ਼ਾਮ ਸ.ਸੁਰਜੀਤ ਸਿੰਘ ਬਰਨਾਲਾ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰ ਕੇ ਐਲਾਨ ਕੀਤਾ ਕਿ ਮੈਂ ਅਕਾਲ ਤਖਤ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਹਨ,ਆਪਣੇ ਅਕਾਲੀ ਦਲ ਤੋਂ ਅਸਤੀਫਾ ਨਹੀਂ ਦਿੱਤਾ। ਉਨ੍ਹਾਂ ਨੇ ਫਿਰ ਦੁਹਰਾਇਆ ਕਿ ਅਸੀਂ ਅਸੂਲਾਂ ਦੇ ਆਧਾਰ ਉੱਤੇ ਅਤੇ ਆਮ ਸਹਿਮਤੀ ਨਾਲ ਏਕਤਾ ਕੀਤੇ ਜਾਣ ਦੇ ਹੱਕ ਵਿੱਚ ਹਾਂ।

ਬਰਨਾਲਾ ਸਾਹਿਬ ਦੀ ਅੱਠ ਫਰਵਰੀ ਦੀ ਸ਼ਾਮ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਘਟਨਾਵਾਂ ਮਾੜ ਪਾਸੇ ਨੂੰ ਤੇਜ਼ੀ ਨਾਲ ਵਾਪਰਦੀਆਂ ਗਈਆਂ .ਇਕ ਪਾਸੇ ਸਿੰਘ ਸਾਹਿਬਾਨ ਦੀ ਨਰਾਜ਼ਗੀ ਵਧਦੀ ਗਈ ਤੇ ਦੂਜੇ ਪਾਸੇ ਸੇ ਬਰਨਾਲਾ ਸਾਹਿਬ ਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਵਤੀਰਾ ਸਖਤ ਹੁੰਦਾ ਗਿਆ। ਨੌਂ ਫਰਵਰੀ ਨੂੰ ਸਿੰਘ ਸਾਹਿਬਾਨ ਨੇ ਸ.ਸੁਰਜੀਤ ਸਿੰਘ ਬਰਨਾਲਾ ਨੂੰ "ਤਨਖਾਹੀਆ" ਕਰਾਰ ਦਿੱਤਾ ਤੇ ਹੁਕਮ ਦਿੱਤਾ ਕਿ ਗਿਆਰਾਂ ਫਰਵਰੀ ਨੂੰ ਦੁਪਹਿਰ ਦੋ ਵਜੇ ਅਕਾਲ ਤਖਤ ਉੱਤੇ ਪੇਸ਼ ਹੋ ਕੇ ਆਪਣੀ ਸਫਾਈ ਪੇਸ਼ ਕਰਨ। ਕਿਉਂਕਿ ਬਰਨਾਲਾ ਸਾਹਿਬ ਅਕਾਲ ਤਖਤ ਉੱਤੇ ਪੇਸ਼ ਨਹੀਂ ਹੋਏ,ਇਸ ਕਰ ਕੇ ਗਿਆਰਾਂ ਫਰਵਰੀ ਨੂੰ,ਤਿੰਨ ਵਜ ਕੇ ਚੌਵੀ ਮਿੰਟ ਉੱਤੇ (ਬਾਅਦ ਦੁਪਹਿਰ) ਅਕਾਲ ਤਖਤ ਤੋਂ ਐਲਾਨ ਕਰ ਦਿੱਤਾ ਗਿਆ ਕਿ ਸ.ਸੁਰਜੀਤ ਸਿੰਘ ਬਰਨਾਲਾ ਪੰਥ ਵਿਚੋਂ ਛੇਕ ਦਿੱਤੇ ਗਏ ਹਨ। ਇਸੇ ਦਿਨ ਬਰਨਾਲਾ ਸਾਹਿਬ ਵਲੋਂ ਅੱਠ ਸਫਿਆਂ ਦਾ ਪੱਤਰ ਅਕਾਲੀ ਦਲ ਦੇ ਆਫਿਸ ਸਕੱਤਰ ਸ.ਗੁਰਚਰਨ ਸਿੰਘ ਚੀਮਾਂ ਨੇ ਦੋ ਵਜ ਕੇ ਵੀਹ ਮਿੰਟ ਉੱਤੇ ਪਹੁੰਚਾਇਆ ਪਰ ਸਿੰਘ ਸਾਹਿਬਾਨ ਨੇ ਇਸ ਪੱਤਰ ਨੂੰ ਕਾਫੀ ਨਹੀਂ ਸਮਝਿਆ।

ਗਿਆਰਾਂ ਫਰਵਰੀ ਨੂੰ ਹੀ ਸਿੰਘ ਸਾਹਿਬਾਨ ਨੇ ਬਰਨਾਲਾ ਦਲ ਦੇ ਸਾਰੇ ਵਿਧਾਇਕਾਂ ਨੂੰ ਨਵਾਂ ਆਦੇਸ਼ ਦਿੱਤਾ ਕਿ ਉਹ ਚੌਦਾਂ ਫਰਵਰੀ ਤੱਕ ਅਕਾਲ ਤਖਤ ਉੱਤੇ ਆਪਣੀਆਂ ਸੇਵਾਵਾਂ ਪੇਸ਼ ਕਰਨ। ਪਰ ਚੌਦਾਂ ਫਰਵਰੀ ਨੂੰ ਅਕਾਲੀ ਵਿਧਾਨਕਾਰ ਪਾਰਟੀ ਦੀ ਬਹੁਗਿਣਤੀ ਅੰਮ੍ਰਿਤਸਰ ਨਹੀਂ ਗਈ। ਕੁਝ ਮੈਂਬਰ ਗਏ ਤੇ ਕੁੱਝ ਨੇ ਲਿਖਤੀ ਹਲਫਨਾਮੇ ਭੇਜੇ। ਗਿਣਤੀ ਬਾਰੇ ਵਾਦ-ਵਿਵਾਦ ਹੈ।

## ਸੰਕੇਤ

ਜਦੋਂ ਅੰਮ੍ਰਿਤਸਰ ਤੋਂ ਏਕਤਾ ਲਈ ਆਦੇਸ਼ ਤੇ ਚਿਤਾਵਨੀਆਂ ਅਤੇ ਚੰਡੀਗੜ੍ਹ ਤੋਂ ਸਫਾਈਆਂ ਤੇ ਆਪਣੇ ਸਿਧਾਂਤਾਂ ਦੀਆਂ ਦੁਹਰਾਈਆਂ ਜਾਰੀ ਸਨ,ਤਾਂ ਉਦੋਂ ਦਿੱਲੀ ਅਤੇ ਬਾਕੀ ਦੇਸ਼ ਕੀ ਕਰ ਰਿਹਾ ਸੀ?

ਅੱਠ ਫਰਵਰੀ 1987 ਨੂੰ ਜਦੋਂ ਹਰਭਜਨ ਸਿੰਘ ਸੰਧੂ ਬਰਨਾਲਾ ਸਾਹਿਬ ਦੀ ਚਿੱਠੀ ਲੈ ਕੇ ਅਕਾਲ ਤਖਤ ਨੂੰ ਸੇਵਾਵਾਂ ਪੇਸ਼ ਕਰਨ ਲਈ ਪੇਸ਼ ਹੋਏ ਸਨ,ਤਾਂ ਦਿੱਲੀ ਵਿਚ ਕੇਂਦਰੀ ਸਰਕਾਰ ਵਿਚ ਹਲਚੱਲ ਪੈਦਾ ਹੋਈ ਸੀ। ਪਿਛਲੇ ਮਹੀਨੇ 16 ਜਨਵਰੀ ਨੂੰ ਬਰਨਾਲਾ ਸਾਹਿਬ ਪ੍ਰਧਾਨ ਮੰਤਰੀ ਦਾ ਸੱਦਾ ਪ੍ਰਾਪਤ ਕਰ ਕੇ ਉਨ੍ਹਾਂ ਨੂੰ ਦਿੱਲੀ ਜਾ ਕੇ ਮਿਲੇ ਸਨ। ਉਦੋਂ ਪ੍ਰਧਾਨ ਮੰਤਰੀ ਨੇ ਪੰਜਾਬ ਬਾਰੇ ਤਿੰਨ ਮੈਂਬਰੀ ਕੈਬਨਿਟ ਕਮੇਟੀ ਗਠਤ ਕੀਤੀ ਸੀ ਉਹ ਕਮੇਟੀ ਇਕ ਮਹੀਨੇ ਕਾਗਜ਼ਾਂ ਵਿੱਚ ਦੱਬੀ ਰਹੀ,ਪਰ ਅੱਠ ਫਰਵਰੀ ਨੂੰ ਸ਼ਾਮ ਵੇਲੇ ਇਸ ਕਮੇਟੀ ਨੇ ਲਗਾਤਾਰ ਤਿੰਨ ਘੰਟੇ ਮੀਟਿੰਗ ਕੀਤੀ।

ਇਸਤੋਂ ਪਹਿਲਾਂ ਦਿੱਲੀ ਤੋਂ ਇਹ ਖਬਰਾਂ ਵੀ ਆਈਆਂ ਕਿ ਇਸ ਸੰਕਟ ਦੇ ਸਮੇਂ ਬਰਨਾਲਾ ਸਾਹਿਬ ਨੂੰ ਕੇਂਦਰ "ਰਾਜਨੀਤਕ ਸਹਾਇਤਾ" ਦੇਵੇਗਾ। ਕੁੱਝ ਵੱਡੇ ਅਖਬਾਰਾਂ ਵਿਚ ਇਥੋਂ ਤੱਕ ਸੰਕੇਤ ਕੀਤਾ ਗਿਆ ਕਿ ਬਰਨਾਲਾ ਸਾਹਿਬ ਜਿਹੜੀ ਗੱਲ ਹੁਣ ਤੱਕ ਵਾਰ ਵਾਰ ਕੇਂਦਰ ਨੂੰ ਕਹਿੰਦੇ ਰਹੇ ਹਨ ਕਿ ਪੰਜਾਬ ਸਮਝੌਤੇ ਅਧੀਨ ਜ਼ਰੂਰੀ ਮੰਗਾਂ ਮੰਨ ਕੇ ਮੇਰੀ ਰਾਜਨੀਤਕ ਸਥਿਤੀ ਮਜ਼ਬੂਤ ਕੀਤੀ ਜਾਵੇ,ਉਹ ਕੇਂਦਰ ਦੇ ਦਿਮਾਗ ਵਿੱਚ ਹੁਣ "ਦਾਖਲ" ਹੋ ਗਈ ਹੈ ਅਤੇ ਹੁਣ ਚੰਡੀਗੜ੍ਹ ਪੰਜਾਬ ਨੂੰ ਛੇਤੀ ਦੇ ਦਿੱਤਾ ਜਾਏਗਾ ਤੇ ਹਰਿਆਣੇ ਨੂੰ ਬਦਲੇ ਵਿੱਚ ਮਿਲ ਕੇ ਸੱਤਰ ਹਜ਼ਾਰ ਏਕੜ ਦੀ ਸ਼ਰਤ ਉੱਤੇ ਨਾ ਅੜਨ ਲਈ ਮਨਾਇਆ ਜਾਵੇਗਾ। ਪਾਣੀਆਂ ਬਾਰੇ ਇਰਾਦੀ ਕਮਿਸ਼ਨ ਦੀ ਰਿਪੋਰਟ ਉੱਤੇ ਇਉਂ ਅਮਲ ਕੀਤਾ ਜਾਏਗਾ ਕਿ ਪੰਜਾਬ ਦਾ ਹਿਸਾ ਨਾ ਘਟੇ,ਰਾਜਿਸਥਾਨ ਨੂੰ ਹਿਸਾ ਮਿਲੇ ਨਾ ਮਿਲੇ।

ਜਦੋਂ ਬਰਨਾਲਾ ਸਾਹਿਬ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਤੇ ਪੰਥ ਵਿਚੋਂ ਛੇਕੇ ਜਾਣ ਦਾ ਡਰ ਪੈਦਾ ਹੋਇਆ ਤਾਂ ਕੇਂਦਰ ਅਤੇ ਕਾਂਗਰਸ ਦੀ ਪ੍ਰੇਰਨਾ ਨਾਲ ਦਿੱਲੀ ਤੋਂ ਅਤੇ ਪੰਜਾਕ ਤੋਂ ਬਾਹਰ ਹੋਰ ਸਿੱਖ ਕੇਂਦਰਾਂ ਤੋਂ ਸਿੱਖ ਜਥੇਬੰਦੀਆਂ ਅਤੇ ਸਿੱਖ ਹਜਤੀਆਂ ਤੋਂ ਅਖਬਾਰਾਂ ਵਿਚ ਇਸ਼ਤਿਹਾਰ ਅਤੇ ਬਿਆਨ ਦਿਲਵਾਏ ਗਏ,ਟੈਲੀਵੀਜ਼ਨ ਤੋਂ ਇੰਟਰਵੀਊ ਟੈਲੀਕਾਸਟ ਕੀਤੇ ਗਏ,ਜਿਨ੍ਹਾਂ ਵਿਚ ਬਰਨਾਲਾ ਦਾ ਸਮਰਥਨ ਕੀਤਾ ਗਿਆ ਅਤੇ ਨਵੇਂ ਸਿੰਘ ਸਾਹਿਬਾਨ ਦੇ ਫੈਸਲਿਆਂ ਦੀ ਆਲੋਚਨਾ ਕੀਤੀ ਗਈ।

ਪਰ ਜੋ ਕਰਨਾ ਚਾਹੀਦਾ ਸੀ ਉਹ ਬਿਲਕੁਲ ਨਹੀਂ ਕੀਤਾ ਗਿਆ।

ਸ.ਸੁਰਜੀਤ ਸਿੰਘ ਬਰਨਾਲਾ ਦਾ ਵਿਰੋਧ ਅਤੇ ਆਲੋਚਨਾ ਨਵੇਂ ਸਿੰਘ ਸਾਹਿਬਾਨ ਦੀ ਨਿਯੁਕਤੀ,ਨਵੇਂ ਸਿੰਘ ਸਾਹਿਬਾਨ ਵਲੋਂ ਅਕਾਲੀ ਦਲ ਦੇ ਪੁਨਰਗਠਨ ਅਤੇ ਨਵੀਂ ਲੀਡਰਸ਼ਿਪ (ਜਾਂ ਸਾਂਝੀ ਲੀਡਰਸ਼ਿਪ) ਪੈਦਾ ਕਰਨ ਦੇ ਯਤਨਾਂ ਦੇ ਪਿਛੇ ਕਈ ਹੋਰ ਕਾਰਨ ਵੀ ਕੰਮ ਕਰ ਰਹੇ ਹਨ ਜਿਨ੍ਹਾਂ ਦੇ ਵੇਰਵੇ ਵਿੱਚ ਇੱਥੇ ਜਾਣ ਦੀ ਲੋੜ ਨਹੀਂ। ਪਰ ਮੁੱਖ ਕਾਰਨ ਇਹ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਨਹੀਂ ਹੋਇਆ,ਲੌਂਗੋਵਾਲ ਅਕਾਲੀ ਦਲ ਅਤੇ ਬਰਨਾਲਾ ਮੰਤਰੀ ਮੰਡਲ ਕੇਂਦਰ ਉੱਤੇ ਜ਼ੋਰ ਦਿੰਦਾ ਰਿਹਾ,ਪਿਛਲੀ ਮਾਘੀ ਤੱਕ ਮੰਗਾਂ ਮੰਨੇ ਜਾਣ ਦਾ ਇਕ ਪ੍ਰਕਾਰ ਦਾ ਅਲਟੀਮੇਟਮ ਦਿੱਤਾ ਗਿਆ,ਪਰ ਇੱਕ ਵੀ ਮੰਗ ਨਹੀਂ ਨਹੀਂ ਮੰਨੀ ਗਈ ਸਗੋਂ ਪ੍ਰਧਾਨ ਮੰਤਰੀ ਵਾਰ ਵਾਰ ਇਹ ਪ੍ਰਚਾਰ ਕਰਦੇ ਰਹੇ ਸਮਝੌਤੇ ਦੀਆਂ ਮੱਦਾਂ ਉੱਤੇ ਜਾਂ ਤਾਂ ਅਮਲ ਹੋ ਗਿਆ ਹੈ ਤੇ ਜੇ ਕਿਸੇ ਮੱਦ ਉੱਤੇ ਅਮਲ ਨਹੀਂ ਹੋਇਆ,ਤਾਂ ਦੋਸ਼ ਅਕਾਲੀ ਸਰਕਾਰ ਦਾ ਹੀ ਹੈ,ਸਾਡਾ ਨਹੀਂ।

1984 ਈ. ਵਿਚ ਇੰਨਾ ਅਪਮਾਨ ਹੋਇਆ,ਇੰਨਾ ਕਤਲਾਮ ਹੋਇਆ! 1985 ਈ.ਦੇ ਸਤੰਬਰ ਦੀਆਂ ਚੋਣਾਂ ਵਿਚ ਅਕਾਲੀਆਂ ਨੂੰ ਬੇਮਿਸਾਲ ਬਹੁਮਤ ਪ੍ਰਾਪਤ ਹੋਇਆ। ਪਹਿਲੀ ਵਾਰ ਪੰਜਾਬੀ ਸੂਬੇ ਵਿਚ ਕਿਸੇ ਹੋਰ ਪਾਰਟੀ ਦੀ ਸਹਾਇਤਾ ਦੇ ਬਿਨਾਂ ਅਕਾਲੀਆਂ ਨੇ ਆਪਣਾ ਮੰਤਰੀ ਮੰਡਲ ਬਣਾਇਆ। ਇਹ ਕੇਂਦਰ ਅਤੇ ਕਾਂਗਰਸ ਦੀਆਂ ਅਪਮਾਨਜਨਕ ਜ਼ਿਆਦਤੀਆਂ ਵਿਰੁੱਧ,ਪੰਜਾਬੀਆਂ ਦਾ ਖਾਸ ਤੌਰ 'ਤੇ ਅਮਨ—ਪਸੰਦ ਸਿੱਖਾਂ ਦਾ ਲੋਕਤੰਤਰੀ ਢੰਗ ਨਾਲ ਕੀਤਾ ਗਿਆ ਰੋਸ ਦਾ ਵਿਖਾਵਾ ਸੀ। ਨਾਲ ਨਾਲ ਲੌਂਗੋਵਾਲ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਦਿੱਤਾ ਗਿਆ ਸੁਨਹਿਰੀ ਮੌਕਾ ਸੀ ਕਿ ਹਿੰਸਾ ਦੇ ਤਰੀਕੇ ਤਾਂ ਸਫਲ ਨਹੀਂ ਹੋਏ,ਤੁਸੀਂ ਅਹਿੰਸਕ ਅਤੇ ਲੋਕ-ਤੰਤਰੀ ਅਕਾਲ ਰਵਾਇਤਾਂ ਮੁਤਾਬਕ ਕੇਂਦਰ ਤੋਂ ਮੰਗਾਂ ਮੰਨਵਾਓ ਤੇ ਸ਼ਿਕਾਇਤਾਂ ਦੂਰ ਕਰਵਾਉ।

## ਟਾਲਮਟੋਲ

ਪਰ ਅਫਸੋਸ! ਸੌ ਅਫਸੋਸ!! ਕੇਂਦਰ ਲਿਖਤੀ ਸਮਝੌਤਾ ਕਰ ਕੇ ਮੁਕਰ ਗਿਆ,ਜਾਂ ਟਾਲਮਟੋਲ ਕਰਨ ਲੱਗ ਪਿਆ।

ਦੂਜੇ ਪਾਸੇ ਲੋਕਾਂ ਦੀਆਂ ਵੋਟਾਂ ਲੈ ਕੇ ਲੌਂਗੋਵਾਲ ਅਕਾਲੀ ਦਲ ਦੇ ਝੰਡੇ ਹੇਠ ਚੋਣਾਂ ਜਿੱਤ ਕੇ ਅਕਾਲੀ ਨੇਤਾ ਨਾ ਕੇਂਦਰ ਅੱਗੇ ਅੜ ਸਕੇ,ਨਾ ਇਕੱਠੇ ਰਹਿ ਸਕੇ,ਤੇ ਨਾ ਕੇਂਦਰ ਨੂੰ ਸਮਝੌਤੇ ਤੋਂ ਪਿੱਛੋਂ ਹਟਦਿਆਂ ਦੇਖ ਕੇ ਅਸਤੀਫੇ ਦੇ ਸਕੇ। ਜੇ ਬਾਦਲ ਧੜੇ ਨੇ ਅਸਤੀਫੇ ਦਿੱਤੇ ਹੀ,ਤਾਂ ਉਸ ਮਸਲੇ ਉੱਤੇ ਸਿੱਖਾਂ ਦੀ ਬਦਨਾਮੀ ਵਧਦੀ ਹੀ ਸੀ,ਦੇਸ਼ ਦੀ ਲੋਕ-ਰਾਇ ਸਿੱਖ




ਵਤਨ ਵਾਸੀਓ ਰੱਖਣਾ ਯਾਦ ਸਾਨੂੰ
ਕਿਤੋਂ ਦਿਲ ਤੋਂ ਨਾ ਭੁਲਾ ਦੇਣਾ
ਅਸੀਂ ਵਤਨ ਦੇ ਲਈ ਸ਼ਹੀਦ ਹੋਏ
ਪਿਆਰਾ ਵਤਨ ਆਜ਼ਾਦ ਕਰਵਾ ਦੇਣਾ
ਜਦੋਂ ਲੰਘੋ ਸ਼ਹੀਦਾਂ ਦੀ ਚਿਖਾ ਕੋਲੋਂ
ਦੋ ਫੁੱਲ ਪਿਆਰ ਦੇ ਪਾ ਦੇਣਾ

**ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ**

**ਵਿਲੀਅਮਜ਼ ਲੇਕ ਬਰਾਂਚ ਵਲੋਂ**

**ਰਾਜ ਗੁਰੂ,ਭਗਤ ਸਿੰਘ ਅਤੇ ਸੁਖਦੇਵ ਸ਼ਹੀਦੀ ਦਿਵਸ**

**ਸ਼ਨਿਚਰਵਾਰ 28 ਮਾਰਚ, 1987 ਨੂੰ ਢਾਈ ਵਜੇ ਦੁਪਹਿਰ**

**ਓਵਰ ਲੈਂਡਰ ਕਨਵੈਨਸ਼ਨ ਹਾਲ**

ਵਿਖੇ ਹੋ ਰਹੀ ਹੈ ਜਿਸ ਵਿਚ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਪੇਸ਼ ਕੀਤੀ ਜਾਵੇਗੀ

ਸੰਸਾਰ ਅਮਨ ਦੱਖਣੀ ਅਫਰੀਕਾ ਅਤੇ ਭਾਰਤੀਆਂ ਨੂੰ ਕੈਨੇਡਾ ਵਿਚ ਰਹਿੰਦਿਆਂ ਜੋ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ।

ਬੁਲਾਰੇ:ਦੇਸ਼ ਭਗਤ ਕਾਮਰੇਡ ਜਰਨੈਲ ਸਿੰਘ ਭੁੰਗਰਨੀ;ਪੀਸ ਕੌਂਸਲ ਵਲੋਂ ਡਾ.ਨਾਰਮਨ ਡੱਫ;ਲੇਬਰ ਕੌਂਸਲ ਵਲੋਂ ਬੁਲਾਰਾ,ਐਸੋਸੀਏਸ਼ਨ ਵਲੋਂ ਹੋਰ ਬੁਲਾਰੇ।

ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਕਲਚਰਲ ਪਰੋਗਰਾਮ ਤੇ ਭੰਗੜਾ,ਗੀਤ ਸੰਗੀਤ ਹੋਵੇਗਾ।

ਤਰਸੇਮ ਸਿੰਘ ਭੰਡਾਲ
ਅਮਰਜੀਤ ਸੰਘੇੜਾ

ਰਣਜੀਤ ਸੰਧੂ
ਗੁਰਮੇਲ ਸਿੰਘ

ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਲਿਖੋ:—
ਫੋਨ ਨੰਬਰ:—392-2114— ਪਤਾ P.O.Box 4534
Williams Lake V2G-2V5

ਪਏ ਪਿਏਤਰੀ ਨੂੰ ਸਹਾਰਾ ਦੇ ਕੇ ਉਠਾ ਦਿਤਾ ਗਿਆ ਤਾਂ ਜੋ ਉਹ ਦੌੜ ਪੂਰੀ ਕਰ ਕੇ ਪ੍ਰਥਮ ਆ ਸਕੇ। ਡਿਗਦਾ ਢਹਿੰਦਾ ਪਿਏਤਰੀ ਆਖਰਕਾਰ ਸਭ ਤੋਂ ਪਹਿਲਾਂ ਫੀਤੇ ਨੂੰ ਜਾ ਛੋਹਿਆ। ਦੌੜ ਦੇ ਨਤੀਜੇ ਦਾ ਐਲਾਨ ਕਾਫੀ ਦੇਰ ਬਾਅਦ ਕੀਤਾ ਗਿਆ ਜਿਸ ਨਾਲ ਪਿਏਤਰੀ ਦਾ ਦਿਲ ਤਾਂ ਟੁੱਟਣਾ ਹੀ ਸੀ,ਦਰਸ਼ਕਾਂ ਨੇ ਵੀ ਬਹੁਤ ਦੁਖ ਮੰਨਿਆ। ਕਿਉਂਕਿ ਦੌੜ ਦੇ ਨਿਯਮਾਂ ਅਨੁਸਾਰ ਕਿਸੇ ਦੌੜਾਕ ਨੂੰ ਸਹਾਰਾ ਦੇਣਾ ਅਯੋਗ ਹੁੰਦਾ ਹੈ,ਇਸ ਲਈ ਡਿਗੇ ਪਏ ਪਿਏਤਰੀ ਨੂੰ ਉਠਾਉਣ ਦੀ ਬੇਨਿਯਮੀ ਕਾਰਨ ਉਹਦੀ ਦੌੜ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ।

1952 ਵਿਚ ਹੋਈਆਂ ਹੇਲਸਿੰਕੀ ਦੀਆਂ ਉਲੰਪਿਕ ਖੇਡਾਂ ਮਸ਼ਹੂਰ ਦੌੜਾਕ ਐਮਿਲ ਜ਼ੈਟੋਪਿਕ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਉਹ ਚੀਸ ਵੱਟ ਕੇ ਦੌੜਦਾ ਘਾਇਲ ਹੋਇਆ ਲਗਦਾ ਸੀ। ਪਹਿਲਾਂ ਉਸਨੇ ਦਸ ਹਜ਼ਾਰ ਮੀਟਰ ਦੀ ਦੌੜ ਜਿਤੀ ਤੇ ਫਿਰ ਪੰਜ ਹਜ਼ਾਰ ਮੀਟਰ ਨੂੰ ਵੀ ਪੈ ਗਿਆ। ਤੀਜਾ ਸੋਨੇ ਦਾ ਤਗਮਾ ਉਹਦੀ ਘਰਵਾਲੀ ਸ੍ਰੀਮਤੀ ਡਾਨਾ ਜ਼ੈਟੋਪਿਕ ਨੇ ਜੈਵਲਿਨ ਸੁੱਟਣ ਵਿਚੋਂ ਜਿਤ ਲਿਆ। ਐਮਿਲ ਜ਼ੈਟੋਪਿਕ ਨੇ ਆਖਿਆ,"ਹੁਣ ਜ਼ੈਟੋਪਿਕ ਜੋੜੀ ਦਾ ਸਕੋਰ 2-1 ਹੈ ਤੇ ਮੈਂ ਕੋਸ਼ਿਸ਼ ਕਰਾਂਗਾ ਕਿ ਮੈਰਾਥਨ ਦੌੜ ਵਿਚ ਇਹਨੂੰ ਹੋਰ ਵਕਾਰ ਵਾਲਾ ਬਣਾਵਾਂ।"

ਮੈਰਾਥਨ ਦੌੜ ਸ਼ੁਰੂ ਹੋਈ ਤਾਂ ਪਹਿਲੇ ਦੋ ਕਿਲੋਮੀਟਰ ਜ਼ੈਟੋਪਿਕ ਸਭ ਤੋਂ ਪਿਛੇ ਰਿਹਾ। ਦਸਵੇਂ ਕਿਲੋਮੀਟਰ ਦੇ ਨਿਸ਼ਾਨ 'ਤੇ ਪੁਜਦਿਆਂ ਉਹ ਸਵੀਡਨ ਦੇ ਪ੍ਰਸਿਧ ਦੌੜਾਕ ਗੁਸਤਾਵ ਜੈਨਸਨ ਦੇ ਮੋਢਿਆਂ 'ਤੇ ਜਾ ਚੜ੍ਹਿਆ। ਓਦੂੰ ਅਗਾਂਹ ਬਰਤਾਨੀਆਂ ਦਾ ਜਿਮ ਪੀਟਰ ਹੀ ਸੀ। ਪੰਦਰਵੇਂ ਕਿਲੋਮੀਟਰ 'ਤੇ ਤਿੰਨੇ ਦੌੜਾਕ ਬਰਾਬਰ ਹੋ ਗਏ। ਪੱਚੀਵੇਂ ਕਿਲੋਮੀਟਰ 'ਤੇ ਜ਼ੈਟੋਪਿਕ ਸਭਨਾਂ ਨੂੰ ਪਿਛੇ ਛਡ ਚੱਲਿਆ। ਜਦੋਂ ਉਹ ਸਭ ਤੋਂ ਮੂਹਰੇ ਸਟੇਡੀਅਮ 'ਚ ਦਾਖਲ ਹੋਇਆ ਤਾਂ ਦਰਸ਼ਕ ਤਾੜੀਆਂ ਮਾਰਦੇ ਹੋਏ ਉਹਦੇ ਕਦਮਾਂ ਨਾਲ 'ਜ਼ੈ-ਟੋ-ਪਿਕ,ਜ਼ੈ-ਟ-ਪਿਕ,ਜ਼ੈ-ਟੋ-ਪਿਕ'ਦਾ ਰਾਗ ਅਲਾਪਣ ਲੱਗੇ। ਦੌੜ ਪੂਰੀ ਹੋ ਗਈ ਪਰ ਜ਼ੈ-ਟੋ-ਪਿਕ ਦਾ ਰਾਗ ਦੌੜ ਤੋਂ ਪਿਛੋਂ ਵੀ ਗੂੰਜਦਾ ਰਿਹਾ। ਹੁਣ ਤੱਕ ਤਿੰਨੇ ਲੰਮੀਆਂ ਦੌੜਾਂ ਦਾ 'ਹੈਟ ਟ੍ਰਿਕ'ਕੇਵਲ ਚੈਕੋਸਲੋਵਾਕੀਆ ਦਾ ਐਮਿਲ ਜ਼ੈਟੋਪਿਕ ਹੀ ਮਾਰ ਸਕਿਆ ਹੈ।

1960 ਵਿਚ ਰੋਮ ਦੀਆਂ ਉਲੰਪਿਕ ਖੇਡਾਂ ਸਮੇਂ ਇਥੋਪੀਆ ਦਾ ਅਬੇਬੇ ਬਕੀਲਾ ਨੰਗੇ ਗੋਂ ਦੌੜਿਆ ਤੇ 2 ਘੰਟੇ 15 ਮਿੰਟ 16.2 ਸਕਿੰਟ ਦਾ ਸਮਾਂ ਕੱਢ ਕੇ ਮੈਰਾਥਨ ਦੌੜ ਦਾ ਉਲੰਪਿਕ ਚੈਂਪੀਅਨ ਬਣਿਆ। ਉਦੋਂ 1964 ਵਿਚ ਬਕੀਲਾ ਫਿਰ ਅੱਵਲ ਰਿਹਾ। ਉਦੋਂ ਟੋਕੀਓ ਦੀਆਂ ਸੜਕਾਂ ਉਤੇ ਉਹ ਦੌੜਨ ਵਾਲੇ ਬੂਟਾਂ ਨਾਲ ਨੱਸਿਆ। ਟੋਕੀਓ ਵਿਚ ਉਸਨੇ 2 ਘੰਟੇ 12 ਮਿੰਟ 11.2 ਸਕਿੰਟ ਦੇ ਸਮੇਂ ਨਾਲ ਇਹ ਦੌੜ ਪੂਰੀ ਕੀਤੀ। ਉਦੋਂ ਤਕ ਬਕੀਲਾ ਤੋਂ ਬਿਨਾਂ ਕਿਸੇ ਵੀ ਹੋਰ ਦੌੜਾਕ ਨੇ ਉਲੰਪਿਕ ਖੇਡਾਂ ਦੀ ਮੈਰਾਥਨ ਦੋ ਵਾਰ ਨਹੀਂ ਸੀ ਜਿੱਤੀ। ਬਕੀਲਾ ਕਿੱਤੇ ਵਜੋਂ ਸ਼ਾਹੀ ਮਹਿਲਾਂ ਦਾ ਪਹਿਰੇਦਾਰ ਸੀ। ਕੁਦਰਤ ਦਾ ਭਾਣਾ ਵੇਖੋ ਕਿ ਜਦੋਂ ਉਹ ਕਾਲਾ ਦੌੜਾਕ ਤੀਜੀ ਵਾਰ ਉਲੰਪਿਕ ਦੀ ਮੈਰਾਥਨ ਦੌੜ ਜਿੱਤਣ ਦੀ ਤਿਆਰੀ ਵਿਚ ਸੀ ਤਾਂ ਇਕ ਹਾਦਸੇ ਕਾਰਨ ਉਹਦੀਆਂ ਦੋਵੇਂ ਲੱਤਾਂ ਨਿਕਾਰੀਆਂ ਹੋ ਗਈਆਂ। ਬਕੀਲੇ ਦਾ ਦੁਖ ਬਕੀਲਾ ਹੀ ਜਾਣਦਾ ਹੈ। ਉਹਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਜਿਹੜੀਆਂ ਜੰਘਾਂ ਨਾਲ ਉਹ ਲੱਗਭੱਗ ਲੱਖ ਮੀਲ ਦੌੜ ਚੁੱਕਾ ਸੀ। ਉਹਨੂੰ ਬੇਜਾਨ ਵੇਖ ਕੇ ਉਹ ਬਹੁਤਾ ਚਿਰ ਜਿਊਂਦਾ ਨਾ ਰਹਿ ਸਕਿਆ ਤੇ 1973 ਵਿਚ ਮਰ ਗਿਆ।

1896 ਤੋਂ 1924 ਦੀਆਂ ਉਲੰਪਿਕ ਖੇਡਾਂ ਤਕ ਮੈਰਾਥਨ ਦੌੜਾਂ ਦਾ ਫਾਸਲਾ ਇਕੋ ਜਿਹਾ ਨਹੀਂ ਸੀ। 1924 ਦੀਆਂ ਉਲੰਪਿਕ ਖੇਡਾਂ ਦੇ ਵੇਲੇ ਤੋਂ ਹੀ ਇਕੋ ਜਿੰਨਾ ਫਾਸਲਾ ਰੱਖਣਾ ਤਹਿ ਹੋਇਆ ਹੈ। ਮੈਰਾਥਨ ਦੌੜ ਦਾ ਮਿਆਰੀ ਫਾਸਲਾ 26 ਮੀਲ 385 ਗਜ਼ ਹੈ। ਦਰਅਸਲ 1908 ਵਿਚ ਲੰਡਨ ਦੀਆਂ ਉਲੰਕਿਪ ਖੇਡਾਂ ਦੀ ਮੈਰਾਥਨ ਦੌੜ 26 ਮੀਲ 385 ਗਜ਼ ਦੀ ਸੀ। ਉਦੋਂ ਬਰਤਾਨੀਆਂ ਦੀ ਉਲੰਪਿਕ ਕਮੇਟੀ ਨੇ ਫੈਸਲਾ ਕੀਤਾ ਕਿ ਮੈਰਾਥਨ ਦੌੜ ਸ਼ਾਹੀ ਨਿਵਾਸ ਤੋਂ ਸ਼ੁਰੂ ਕਰਵਾ ਕੇ ਸਟੇਡੀਅਮ ਵਿਚ ਸ਼ਾਹੀ ਪ੍ਰਾਹੁਣਿਆਂ ਦੀਆਂ ਸੀਟਾਂ ਕੋਲ ਸਮਾਪਤ ਕੀਤੀ ਜਾਵੇ। ਇਸ ਲਈ ਵਿੰਡਸਰ ਕਾਸਲ ਤੋਂ ਦੌੜ ਸ਼ੁਰੂ ਹੋਈ ਤੇ ਸਟੇਡੀਅਮ ਵਿਚ ਰਾਇਲ ਬਾਕਸ ਕੋਲ ਖਤਮ ਹੋਈ। ਫਾਸਲਾ ਮਿਣਿਆਂ ਤਾਂ 26 ਮੀਲ 385 ਗਜ਼ ਬਣਿਆਂ। ਉਦੋਂ ਅੰਗਰੇਜ਼ਾਂ ਦਾ ਤਪ ਤੇਜ਼ ਸੀ ਤੇ ਇਹੋ ਫਾਸਲਾ ਹਰ ਮੈਰਾਥਨ ਦੌੜ ਲਈ ਮਿਆਰੀ ਬਣਾ ਦਿੱਤਾ ਗਿਆ। ਇਹ ਧਾਰਨਾ ਗਲਤ ਹੈ ਕਿ ਫਿਡੀਪੀਡੀਸ ਮੈਰਾਥਨ ਤੋਂ ਏਥਨਜ਼ ਤਕ 26 ਮੀਲ 385 ਗਜ਼ ਦੌੜ ਕੇ ਸ਼ਹੀਦ ਹੋਇਆ ਸੀ। ਇਹ ਧਾਰਨਾ ਵੀ ਸਹੀ ਰਹੀ ਕਿ ਇਹ ਦੌੜ ਜਾਨ-ਲੇਵਾ ਹੁੰਦੀ ਹੈ।

21 ਅਕਤੂਬਰ 1979 ਨੂੰ ਨਿਊਯਾਰਕ ਦੀ ਮਸ਼ਹੂਰ ਮੈਰਾਥਨ ਵਿਚ 11405 ਦੌੜਾਕ ਸ਼ਾਮਲ ਹੋਏ ਸਨ ਜਿਨ੍ਹਾਂ 'ਚੋਂ ਦੋ ਹਜ਼ਾਰ ਔਰਤਾਂ ਸਮੇਤ ਦਸ ਹਜ਼ਾਰ ਅਥਲੀਟਾਂ ਨੇ ਇਹ ਦੌੜ ਪੂਰੀ ਕੀਤੀ ਹੈ ਤੇ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਇਆ।

## 3 ਕਥਿਤ ਅੱਤਵਾਦੀ ਗ੍ਰਿਫਤਾਰ

ਹੁਸ਼ਿਆਰਪੁਰ:—ਹੁਸ਼ਿਆਰਪੁਰ ਪੁਲਸ ਨੇ ਦਹਿਸ਼ਤ ਦੀਆਂ ਵਾਰਦਾਤਾਂ ਦੇ ਸਬੰਧ ਵਿਚ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਇਨ੍ਹਾਂ ਵਿਅਕਤੀਆਂ ਦੇ ਨਾਂਅ ਹਨ ਮਹਿੰਦਰ ਸਿੰਘ,ਲਖਬੀਰ ਸਿੰਘ ਤੇ ਬਿੱਲੂ।

ਭਾਵੇਂ ਪੁਲਸ ਨੇ ਇਸ ਗੱਲ ਦੀ ਤਸਦੀਕ ਨਹੀਂ ਕੀਤੀ ਪਰ ਖਬਰ ਹੈ ਕਿ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਕੋਲੋਂ ਕੁਝ ਹਥਿਆਰ ਵੀ ਫੜੇ ਗਏ ਹਨ।

## ਪੱਤਰਕਾਰਾਂ ਲਈ ਸੁਰੱਖਿਆ ਦੀ ਮੰਗ

ਸੰਗਰੂਰ:—ਪੰਜਾਬ ਵਿੱਚ ਸਾਰੇ ਪੱਤਰਕਾਰਾਂ ਦਾ ਘੱਟੋ ਘੱਟ ਲੱਖ-ਲੱਖ ਰੁਪਏ ਦਾ ਗਰੁੱਪ ਬੀਮਾ ਕੀਤਾ ਜਾਣਾ ਚਾਹੀਦਾ ਹੈ। ਇਹ ਮੰਗ ਪੰਜਾਬ ਯੂਨੀਅਨ ਆਫ ਜਰਨਲਿਸਟਸ ਦੀ ਦੂਜੀ ਸਾਲਾਨਾ ਕਾਨਫਰੰਸ ਦੇ ਪਹਿਲੇ ਦਿਨ ਸਰਬਸੰਮਤੀ ਨਾਲ ਕੀਤੀ ਗਈ ਹੈ। ਪੰਜਾਬ ਭਰ 'ਚੋਂ ਜੁੜੇ ਲੱਗਪੱਗ 75 ਦੇ ਕਰੀਬ ਪੱਤਰਕਾਰਾਂ ਦੀ ਇਸ ਮੀਟਿੰਗ ਦੀ ਪ੍ਰਧਾਨਗੀ ਯੂਨੀਅਨ ਦੇ ਪ੍ਰਧਾਨ ਸ੍ਰੀ ਸ਼ਿਆਮ ਖੋਸਲਾ ਨੇ ਕੀਤੀ।

ਮਤੇ ਵਿੱਚ ਕਿਹਾ ਗਿਆ ਕਿ ਸੂਬੇ ਵਿੱਚ ਪਿਛਲੇ ਕੁੱਝ ਸਾਲਾਂ ਤੋਂ ਵਧ ਰਹੀਆਂ ਅਤਿਵਾਦੀਆਂ ਤੇ ਵੱਖਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਦਾ ਪ੍ਰਭਾਵ ਪੱਤਰਕਾਰਾਂ ਉਤੇ ਪੈ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਕਈ ਉਘੇ ਪੱਤਰਕਾਰ ਅਤਿਵਾਦੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ। ਇਸੇ ਲਈ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਪੱਤਰਕਾਰਾਂ ਦੀ ਜਾਨ-ਮਾਲ ਦੀ ਹਰ ਪੱਖੋਂ ਰੱਖਿਆ ਕਰੇ।

ਇਕ ਹੋਰ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਇਹ ਮੰਗ ਵੀ ਕੀਤੀ ਗਈ ਹੈ ਕਿ ਤਾਮਿਲਨਾਡੂ ਵਾਂਗ ਪੰਜਾਬ ਵਿਚ ਵੀ ਰੀਟਾਇਰ ਹੋ ਚੁੱਕੇ ਪੱਤਰਕਾਰਾਂ ਨੂੰ ਯੋਗ ਬਣਦੀ ਪੈਨਸ਼ਨ ਦੇਣ ਲਈ ਕਾਨੂੰਨ ਬਣਾਏ ਜਾਣ। ਇਸੇ ਮਤੇ ਵਿਚ ਕਿਹਾ ਗਿਆ ਕਿ ਪੰਜਾਬ ਦੇ ਮੁੱਖ ਮੰਤਰੀ ਖੁਦ ਵਿਅਕਤੀਗਤ ਤੌਰ 'ਤੇ ਇਸ ਮਤੇ ਨੂੰ ਲਾਗੂ ਕਰਵਾਉਣ ਲਈ ਦਿਲਚਸਪੀ ਲੈ ਕੇ ਕੰਮ ਕਰਨ।

ਯੂਨੀਅਨ ਨੇ ਕੰਦੂ ਖੇੜਾ,ਰੋਪੜ ਅਤੇ ਹੋਰ ਕੁੱਝ ਥਾਵਾਂ ਅਤੇ ਪੁਲੀਸ ਵਲੋਂ ਪੱਤਰਕਾਰਾਂ ਉਤੇ ਕੀਤੀਆਂ ਵਧੀਕੀਆਂ 'ਤੇ ਅਫਸੋਸ ਪ੍ਰਗਟ ਕੀਤਾ ਅਤੇ ਅਜਿਹੀਆਂ ਕਾਰਵਾਈਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਮੁਤਾਲਬਾ ਕੀਤਾ ਕਿ ਉਪਰੋਕਤ ਘਟਨਾਵਾਂ ਲਈ ਕਸੂਰਵਾਰ ਪੁਲੀਸ ਅਧਿਕਾਰੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਮਤੇ ਵਿਚ ਰਾਜ ਸਰਕਾਰ ਦੀ ਸੁਸਤ ਕਾਰਗੁਜ਼ਾਰੀ ਦੀ ਵੀ ਨਿਖੇਧੀ ਕੀਤੀ ਗਈ ਅਤੇ ਕਿਹਾ ਗਿਆ ਕਿ ਉਸਨੇ ਮੋਰਿੰਡਾ ਦੇ ਪੱਤਰਕਾਰ ਨੂੰ ਝੂਠੇ ਕੇਸਾਂ ਵਿਚ ਫਸਾਉਣ ਵਾਲੇ ਤੇ ਉਸ ਉਪਰ ਤਸ਼ੱਦਦ ਕਰਨ ਲਈ ਕਸੂਰਵਾਰ ਅਫਸਰਾਂ ਵਿਰੁੱਧ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ।


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5





# ਫ਼ਿਲਮੀ ਪੰਨਾ



# ਪਾਕਿਸਤਾਨ ਦੀ ਵਿਦੇਸ਼ਾਂ ਨਾਲ ਫਿਲਮੀ-ਦੋਸਤੀ

## ਵਾਹੀਦ ਮੁਰਾਦ ਦੀ ਯਾਦ 'ਚ

ਐਕਟਰ,ਪ੍ਰੋਡਿਊਸਰ ਤੇ ਡਾਇਰੈਕਟਰ ਵਾਹੀਦ ਮੁਰਾਦ ਦਾ ਲਾਹੌਰ ਦੇ ਸਿਨੇਮਾ ਘਰਾਂ 'ਚ ਫਿਲਮ ਮੇਲਾ ਮਨਾ ਇਆ ਗਿਆ। ਉਸਨੇ 150 ਪਾਕਿਸਤਾਨੀ ਫਿਲਮਾਂ 'ਚ ਰੁਮਾਂਟਿਕ ਰੋਲ ਕੀਤੇ। ਇਸਤੋਂ ਇਲਾਵਾ ਸਾਈਡ ਰੋਲ ਤੇ ਖਲਨਾਇਕੀ ਦੇ ਰੋਲ ਵਾਲੀਆਂ ਫਿਲਮਾਂ ਵੀ ਕੀਤੀਆਂ। ਉਸ ਦੀਆਂ ਚੋਣਵੀਆਂ ਫਿਲਮਾਂ ਨੂੰ ਇਸ ਮੇਲੇ 'ਚ ਦਿਖਾਇਆ ਗਿਆ ਜਿਨ੍ਹਾਂ ਵਿਚ ਸਭ ਤੋਂ ਪਹਿਲੀ ਫਿਲਮ"ਔਲਾਦ",ਪਾਕਿਸਤਾਨ 'ਚ ਪਹਿਲੀ ਪਲਾਟੀਨਮ ਜੁਬਲੀ ਮਨਾਉਣ ਵਾਲੀ "ਅਰਮਾਨ"ਅਤੇ ਬਹੁ-ਚਰਚਿਤ 'ਹੀਰਾ ਔਰ ਪੱਥਰ"ਫਿਲਮਾਂ ਸ਼ਾਮਲ ਕੀਤੀਆਂ ਗਈਆਂ।

ਵਾਹੀਦ ਮੁਰਾਦ ਦੀ ਮ੍ਰਿਤੂ 1983 'ਚ ਦਿਲ ਦਾ ਦੌਰਾ ਪੈਣ ਕਾਰਨ ਹੋਈ ਸੀ। ਉਹ ਦੋ ਦਹਾਕੇ ਫਿਲਮ ਸਨੱਅਤ 'ਚ ਸਰਗਰਮ ਰਿਹਾ। ਉਹਨੇ ਇਕ ਦਰਜਨ ਫਿਲਮਾਂ ਦਾ ਖੁਦ ਨਿਰਮਾਣ ਕੀਤਾ ਜਿਨ੍ਹਾਂ 'ਚੋਂ ਹਿੱਕ ਪੰਜਾਬੀ ਫਿਲਮ'ਮਸਤਾਨਾ ਮਾਹੀ'ਸੁਪਰ ਹਿਟ ਹੋਈ।



ਹਜ਼ਾਰਾਂ ਪੰਜਾਬੀ ਤੇ ਉਰਦੂ ਗੀਤ ਗਾ ਚੁੱਕੀ ਪਾਕਿਸਤਾਨ ਦੀ ਗਾਇਕਾ ਨਾਹੀਦ ਅਖ਼ਤਰ।



ਮਰਹੂਮ ਪਾਕਿਸਤਾਨੀ ਐਕਟਰ ਵਾਹੀਦ ਮੁਰਾਦ।

ਵਾਹੀਦ ਨੇ ਸਮੇਂ ਸਮੇਂ ਸਿਰ ਸਾਰੀਆਂ ਚੋਟੀ ਦੀਆਂ ਐਕਟਰੈਸਾਂ ਜ਼ੇਬਾ,ਸ਼ਮੀਮ ਆਰਾ ਰਾਣੀ,ਸ਼ਬਨਮ,ਦੀਬਾ,ਨੀਸ਼ੋ,ਸੰਗੀਤਾ ਤੇ ਆਸੀਆ ਨਾਲ ਫਿਲਮਾਂ ਕੀਤੀਆਂ। ਵਾਹੀਦ ਬਾਰੇ ਆਮ ਕਿਹਾ ਜਾਂਦਾ ਸੀ ਕਿ ਉਸ ਦੀ ਫਿਲਮ 'ਚ ਵੱਖਰਾ ਕਾਮੇਡੀਅਨ ਲੈਣ ਦੀ ਲੋੜ ਨਹੀਂ ਸੀ ਪੈਂਦੀ ਕਿਉਂਕਿ ਉਹ ਖੁਦ ਹੀ ਕਾਮੇਡੀ ਵਾਲਾ ਪੱਖ ਨਿਭਾ ਦਿਆ ਕਰਦਾ ਸੀ।

ਪਾਕਿਸਤਾਨ ਦੇ ਬਹੁਤ ਸਾਰੇ ਫਿਲਮਕਾਰ ਹੋਰਨਾਂ ਦੇਸ਼ਾਂ ਦੇ ਸਹਿਯੋਗ ਨਾਲ ਫਿਲਮ-ਨਿਰਮਾਣ 'ਚ ਕੁੱਦ ਪਏ ਹਨ ਤੇ ਇਹ ਲਹਿਰ ਦਿਨੋ ਦਿਨ ਜ਼ੋਰ ਫੜਦੀ ਜਾ ਰਹੀ ਹੈ। ਪਾਕਿ ਸਰਕਾਰ ਇਸ ਮਾਮਲੇ 'ਚ ਖੂਬ ਹੱਲਾਸ਼ੇਰੀ ਦੇ ਰਹੀ ਹੈ।

ਨਿਰਮਾਤਾ ਸ਼ਿਫਾਤ ਦੀ ਉਕਤ ਫਿਲਮ 'ਜ਼ੋਰ'ਸ੍ਰੀਲੰਕਾ,ਨੇਪਾਲ ਤੇ ਬੰਗਲਾਦੇਸ਼ ਦੇ ਫਿਲਮਕਾਰਾਂ ਨਾਲ ਮਿਲ ਕੇ ਬਣ ਰਹੀ ਹੈ। ਇਸਦੀ ਕੁੱਝ ਆਊਟ ਡੋਰ ਸ਼ੂਟਿੰਗ ਫਿਲਪਾਈਨਜ਼ ਤੇ ਸ੍ਰੀਲੰਕਾ ਵਿਚ ਕੀਤੀ ਗਈ ਹੈ। ਚੀਨ ਨਾਲ ਪਾਕਿਸਤਾਨ ਦਾ ਫਿਲਮੀ ਅਦਾਨ-ਪ੍ਰਦਾਨ ਜ਼ੋਰਾਂ 'ਤੇ ਹੈ। ਚੀਨੀ ਫਿਲਮ 'ਸ਼ਾਓਲਿਨ ਟੈਂਪਲ"ਨੂੰ ਪੂਰੇ ਪਾਕਿਸਤਾਨ ਵਿਚ ਰਿਲੀਜ਼ ਕੀਤਾ ਗਿਆ ਅਤੇ ਪਾਕਿਸਤਾਨ ਦੀ 'ਪਹਿਚਾਨ'ਨੂੰ ਚੀਨ ਦੇ ਸਿਨੇਮਾ

ਟਰਕੀ ਦੀ ਖੂਬਸੂਰਤ ਅਦਾਕਾਰਾਂ ਨਾਜ਼ਾਂ ਸਾਚੀ ਦੀ ਪਾਕਿਸਤਾਨ 'ਚ ਮੰਗ ਵਧ ਗਈ ਹੈ। ਨਾਜ਼ਾਂ ਨੇ 'ਤਲਾਸ਼'ਫਿਲਮ 'ਚ ਨਦੀਮ ਨਾਲ ਹੀਰੋਇਨਾਂ ਵਜੋਂ ਕੰਮ ਕੀਤਾ। ਪ੍ਰਵੇਜ਼ ਮਲਿਕ ਦੀ 'ਹਲਚਲ'ਅਤੇ 'ਜ਼ੰਜ਼ੀਰ'ਫਿਲਮ 'ਚ ਵੀ ਨਾਜ਼ਾਂ ਸਾਚੀ ਹੀਰੋਇਨ ਆ ਚੁੱਕੀ ਹੈ। ਡਾਇਰੈਕਟਰ ਐਸ.ਸੁਲੇਮਾਨ ਨੇ ਸ੍ਰੀ ਲੰਕਾ ਨਾਲ ਮਿਲ ਕੇ 'ਸਾਤ ਸਹੇਲੀਆਂ'ਫਿਲਮ ਬਣਾਈ ਹੈ। ਬਾਬਰਾ ਸਰੀਫ ਦੀਆਂ ਪਾਕਿਸਤਾਨੀ ਫਿਲਮਾਂ 'ਮਿਸ ਕੋਲੰਬੋ', 'ਮਿਸ ਹਾਂਗਕਾਂਗ'ਤੇ 'ਮਿਸ ਬੈਂਕਾਕ ਸਭ ਵਿਦੇਸ਼ੀ ਸਹਿਯੋਗ ਨਾਲ ਤਿਆਰ ਹੋਈਆਂ। 'ਮਿਸ ਬੈਂਕਾਕ'ਵਿਚ ਬੰਗਲਾਦੇਸ਼ ਦੇ ਐਕਟਰ ਮੁਸਤਫਾ ਤੇ ਨੇਪਾਲ ਦੇ ਐਕਟਰ ਸ਼ੇਵਾ ਨੂੰ ਅਹਿਮ ਭੂਮਿਕਾਵਾਂ ਦਿੱਤੀਆਂ ਗਈਆਂ। ਸ਼ੇਵਾ ਤਾਂ ਇਕ ਤਰ੍ਹਾਂ ਨਾਲ ਫਿਲਮ ਦਾ ਹੀਰੋ ਹੈ। ਸ਼ੇਵਾ ਨੇ ਪਾਕਿਸਤਾਨ-ਬੰਗਲਾਦੇਸ਼-ਨੇਪਾਲ ਦੀ ਸ਼ਾਂਝੀ ਫਿਲਮ 'ਹਮ ਏਕ ਹੈਂ'ਰਾਹੀਂ ਪਾਕਿਸਤਾਨੀ ਦਰਸ਼ਕਾਂ ਨੂੰ ਕੀਲ ਲਿਆ ਸੀ। ਸ਼ੇਵਾ ਨੂੰ'ਜੀਵਨ ਰੇਖਾ'ਵਿੱਚ ਨੇਪਾਲ ਦੀ ਮੀਨਾਕਸ਼ੀ ਤੇ ਬੰਗਲਾਦੇਸ਼ ਦੀ ਰੋਜ਼ੀਨਾ ਨਾਲ ਪੇਸ਼ ਕੀਤਾ ਗਿਆ। ਇਸ ਸਮੇਂ ਸ਼ੇਵਾ ਤਿੰਨਾਂ ਦੇਸ਼ਾਂ 'ਚ ਹੀ ਹਰਮਨ ਪਿਆਰਾ ਹੈ।

ਬਾਕੀ ਪੰਨਾ 30 ਤੇ

THINKING OF BUYING or SELLING
(RESIDENTIAL, COMMERCIAL, FARMS & INDUSTRIAL)
L/R
Lake View Realty
FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property
FOR FRIENDLY & EFFICIENT SERVICE
Call
NIRMAL (NEIL) DHALIWAL
Bus: 588-9955 Res: 597-2069
I know the signs of a good neighbourhood.
If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.



- ਰੱਬ ਨੇ ਕੁਝ ਆਦਮੀਆਂ ਨੂੰ ਅੱਖਾਂ ਮਟਕਾਉਣ ਲਈ ਤੇ ਕੰਨ ਹਿਲਾਉਣ ਲਈ ਹੀ ਦਿੱਤੇ ਹਨ, ਉਹ ਵੇਖ ਸੁਣ ਨਹੀਂ ਸਕਦੇ।
- ਪਰਮ ਮਨੁੱਖ ਉਹ ਨਹੀਂ , ਜੋ ਸਮੇਂ ਦੀ ਉਡੀਕ ਕਰਦੇ ਹਨ ਬਲਕਿ ਉਹ ਹਨ ਜੋ ਲੋੜ ਅਨੁਸਾਰ ਸਮਾਂ ਆਪ ਪੈਦਾ ਕਰ ਲੈਂਦੇ ਹਨ।
- ਆਮ ਚੀਜ਼ਾਂ ਨੂੰ ਖਾਸ ਸੁਚੱਜੇ ਢੰਗ ਨਾਲ ਬਿਆਨਣ ਦਾ ਨਾਮ ਹੀ ਮੌਲਿਕਤਾ ਹੈ।
- ਸੁਆਹ ਧਰਤੀ ਕੋਲ ਤੇ ਧੂੰਆਂ ਆਕਾਸ਼ ਪਾਸ ਜਾ ਕੇ ਡੀਂਗ ਮਾਰਦਾ ਹੈ ਕਿ ਅਸੀਂ ਵੀ ਅਗਨੀ ਦੇਵਤਾ ਦੇ ਹੀ ਭੈਣ ਭਰਾ ਹਾਂ - ਟੈਗੋਰ
- ਚਿਤ੍ਰਕਾਰੀ ਖਾਮੋਸ਼ ਕਵਿਤਾ ਹੈ ਤੇ ਕਵਿਤਾ ਮੂੰਹ-ਬੋਲਦਾ ਚਿੱਤ੍ਰ।

ਇਸੇ ਤਰ੍ਹਾਂ ਪਾਕਿਸਤਾਨੀ ਨਿਰਮਾਤਾ ਮੁਹੰਮਦ ਸਰਵਰ ਤੇ ਨਿਰਦੇਸ਼ਕ ਜਮਸ਼ੇਦ ਨਕਵੀ ਨੇ ਬੰਗਲਾਦੇਸ਼ ਤੇ ਬੈਂਕਾਕ ਨਾਲ ਮਿਲ ਕੇ 'ਅਗਰ ਤੁਮ ਨ੍ਹਾ ਹੋਤੇ'ਫਿਲਮ ਬਣਾਈ ਹੈ। ਨਿਰਦੇਸ਼ਕ ਨੰਜ਼ਰੁਲ ਇਸਲਾਮ ਦੀ ਪਾਕਿਸਤਾਨੀ ਫਿਲਮ 'ਲਵ ਸਟੋਰੀ'ਹੈ ਕੀਨੀਆਂ 'ਚ ਫਿਲਮਾਇਆ ਗਿਆ ਸੀ। ਚੀਨ ਦੀ ਇਕ ਫਿਲਮ ਨੂੰ ਪਾਕਿਸਤਾਨ 'ਚ ਡਬ ਕਰਕੇ 'ਰਿਸ਼ਤੇ'ਦੇ ਨਾਂ ਹੇਠ ਦਿਖਾਇਆ ਗਿਆ ਤੇ ਇਸਦੀ ਕਹਾਣੀ ਵੀ ਦੋਹਾਂ ਦੇਸ਼ਾਂ ਸੀ ਸਾਂਝੀ ਧਰਤੀ ਉਪਰ ਵਿਚਰਦੀ ਹੈ। ...ਇਕ ਚੀਨੀ ਡਾਂਸਰ ਪਾਕਿਸਤਾਨ ਆਉਂਦਾ ਹੈ ਤੇ ਪਿਆਰ ਪਾ ਬੈਠਦਾ ਹੈ...। ਫਿਰ ਚੀਨੀ ਹਾਕੀ ਖਿਡਾਰੀ ਪਾਕਿਸਤਾਨ 'ਚ ਹਾਕੀ ਸਿੱਖਣ ਆਉਂਦਾ ਹੈ ਤੇ ਪਾਕਿਸਤਾਨੀ ਕੁੜੀ ਨਾਲ ਪਿਆਰ ਹੋ ਜਾਂਦਾ ਹੈ। ਹੀਰੋਇਨ ਦੀ ਮਾਂ ਚੀਨੀ ਤੇ ਪਿਤਾ ਪਾਕਿਸਤਾਨੀ ਦਿਖਾਏ ਹਨ।

ਪਾਕਿਸਤਾਨ ਦੇ 8 ਚੋਣਵੇਂ ਟੀ.ਵੀ.ਨਾਟਕਾਂ ਨੂੰ ਚੀਨੀ ਟੈਲੀਵੀਜ਼ਨ ਉਪਰ ਸਜਧਜ ਨਾਲ ਦਿਖਾਇਆ ਜਾ ਚੁੱਕਾ ਹੈ। ਇਕ ਪਾਕਿਸਤਾਨੀ ਫਿਲਮ ਬਣੀ ਸੀ 'ਹਾਂਗਕਾਂਗ ਕੇ ਸ਼ੋਅਲੇ'ਜਿਸ ਵਿਚ ਪਾਕਿ ਦੇ ਬਾਬਰਾ ਸ਼ਰੀਫ,ਜਾਵੇਦ ਸ਼ੇਖ,ਸ੍ਰੀ ਲੰਕਾ ਦੇ ਗੀਤਾ ਕੁਮਾਰੀ ਤੇ ਵਜ਼ੀਰਾ ਨੇ ਰੋਲ ਕੀਤੇ।

ਕੀਨੀਆ ਦੀ ਐਕਟਰੈਸ ਲੈਲਾ ਪਾਕਿਸਤਾਨ ਦੀਆਂ ਇਕ ਦਰਜਨ ਫਿਲਮਾਂ 'ਚ ਰੋਲ ਕਰ ਚੁੱਕੀ ਹੈ। ਉਸਨੂੰ ਪਹਿਲੀ ਵਾਰ ਨਿਰਮਾਤਾ ਸੱਜਦ ਗੁਲ ਨੇ ਲਿਆ ਸੀ।

ਪਰ ਪਾਕਿਸਤਾਨ ਭਾਰਤ ਨਾਲ ਫਿਲਮੀ ਸਾਂਝ ਪਾਉਣ ਤੋਂ ਲਗਾਤਾਰ ਕੰਨੀ ਕਤਰਾਉਂਦਾ ਆ ਰਿਹਾ ਹੈ। ਇਸਦੀ ਮੁੱਖ ਵਜ੍ਹਾ ਇਹ ਹੈ ਕਿ ਭਾਰਤੀ ਫਿਲਮ ਸਨਅਤ ਤਕਨੀਕੀ ਤੇ ਮਿਆਰ ਦੇ ਪੱਖ ਤੋਂ ਪਾਕਿਸਤਾਨ ਨਾਲੋਂ ਬਹੁਤ ਅੱਗੇ ਹੈ ਅਤੇ ਉਥੇ ਦੇ ਲੋਕਾਂ ਵਿਚ ਪਹਿਲਾਂ ਹੀ ਭਾਰਤੀ ਫਿਲਮਾਂ ਪ੍ਰਤੀ ਬੇਹੱਦ ਉਤਸੁਕਤਾ ਚਲੀ ਆ ਰਹੀ ਹੈ। ਪਾਕਿ ਕਲਾਕਾਰਾਂ ਮੁਹੰਮਦ ਅਲੀ ਤੇ ਜ਼ੇਬਾ ਨੇ ਆਪਣੇ ਅਸਰ ਰਸੂਖ ਨਾਲ ਭਾਰਤੀ ਫਿਲਮ 'ਕਲਰਕ'ਵਿਚ ਰੋਲ ਕਰ ਦਿੱਤੇ ਹਨ ਪਰ ਅਜਿਹੀ ਪ੍ਰਵਾਨਗੀ ਹਰ ਕਿਸੇ ਨੂੰ ਨਹੀਂ ਮਿਲ ਸਕਦੀ।

### ਫਿਲਮੀ ਇਨਾਮ

ਪਾਕਿਸਤਾਨ ਦੀਆਂ ਜਿਹੜੀਆਂ ਫਿਲਮੀ ਹਸਤੀਆਂ ਨੂੰ ਇਸ ਵਾਰ ਇਨਾਮ ਮਿਲੇ ਹਨ ਉਨ੍ਹਾਂ ਵਿਚ ਅਭਿਨੇਤਾ ਨਦੀਮ,ਅਭਿਨੇਤਰੀ ਬਾਬਰਾ ਸ਼ਰੀਫ ਤੇ ਅੰਜੁਮਨ,ਪਿਠਵਰਤੀ ਗਾਇਕਾ ਨਾਹੀਦ ਅਖਤਰ,ਚਰਿੱਤਰ ਅਭਿਨੇਤਾ ਮੁਸਤਫਾ ਕੁਰੈਸ਼ੀ ਤੇ ਸੁਲਤਾਨ ਰਾਹੀ ਅਤੇ ਮੁਹੰਮਦ ਅਲੀ,ਜ਼ੇਬਾ ਦੀ ਜੋੜੀ ਸ਼ਾਮਲ ਹਨ। ਟੀ.ਵੀ.ਸਟਾਰ ਰੂਹੀ ਬਾਨੋ ਨੂੰ ਵੀ ਇਨਾਮ ਮਿਲਿਆ ਹੈ।

ਇਹ ਪੰਜ-ਸੱਤ ਨਾਂ ਪਾਕਿਸਤਾਨੀ ਫਿਲਮ ਸਨਅਤ ਵਿਚ ਚਿਰਾਂ ਤੋਂ ਛਾਏ ਹੋਏ ਹਨ। ਨਦੀਮ ਨੂੰ 'ਪਾਕਿਸਤਾਨ ਦਹ ਅਮਿਤਾਭ ਬਚਨ'ਤੇ ਅੰਜੁਮਨ ਨੂੰ 'ਪਾਕਿਸਤਾਨ ਦੀ ਸਿਰੀ ਦੇਵੀ'ਕਹਿ ਲਿਆ ਜਾਂਦਾ ਹੈ। ਮੁਸਤਫਾ ਕੁਰੈਸ਼ੀ ਤੇ ਸੁਲਤਾਨ ਰਾਹੀ ਐਕਸ਼ਨ ਫਿਲਮਾਂ ਦੀ ਜਿੰਦ-ਜਾਨ ਬਣ ਚੁੱਕੇ ਹਨ। ਉਹ ਖਲਨਾਇਕ ਵੀ ਬਣਦੇ ਹਨ ਤੇ ਚਰਿੱਤਰ ਅਭਿਨੇਤਾ ਵੀ। ਸਾਰੇ ਪਾਕਿਸਤਾਨੀ ਫਿਲਮੀ ਕਲਾਕਾਰਾਂ ਨਾਲੋਂ ਉਹ ਮਹਿੰਗੇ ਕਲਾਕਾਰ ਹਨ। ਨਾਹੀਦ ਅਖਤਰ ਦੀ ਗਾਇਕੀ ਦਾ ਵੀ ਅਜੇ ਬੋਲਬਾਲਾ ਹੈ। ਅਭਿਨੇਤਰੀ ਬਾਬਰਾ ਸਰੀਫ ਉਮਰ ਢਲਣ ਦੇ ਬਾਵਜੂਦ ਦਰਜਨਾਂ ਫਿਲਮਾਂ 'ਚ ਬਤੌਰ ਅਭਿਨੇਤਰੀ ਆ ਰਹੀ ਹੈ।

ਸਲਮਾ ਆਗਾ ਦੀਆਂ ਦੋ ਸਫਲ ਫਿਲਮਾਂ ਨੇ ਪਾਕਿਸਤਾਨ ਵਿਚ ਉਸਦੀ ਸ਼ੋਹਰਤ ਨੂੰ ਚਾਰ-ਚੰਨ ਲਾ ਦਿੱਤੇ ਹਨ। ਨਿਰਮਾਤਾ ਸ਼ਿਫਾਤ ਤੇ ਡਾਇਰੈਕਟਰ ਜਾਵੇਦ ਫਾਜ਼ਿਲ ਨੇ ਹੁਣ ਬਾਬਰਾ ਸ਼ਰੀਫ ਅਤੇ ਸਲਮਾ ਆਗਾ ਦੋਹੇਂ ਅਭਿਨੇਤਰੀਆਂ ਨੂੰ ਲੈ ਕੇ 'ਜ਼ੋਰ'ਫਿਲਮ ਬਨਾਉਣੀ ਸ਼ੁਰੂ ਕਰ ਹੈ। ਫਿਲਮ ਦਾ ਹੀਰੋ ਸਲਮਾ ਆਗਾ ਦਾ ਪਤੀ ਜਾਵੇਦ ਸ਼ੇਖ ਹੈ। ਮੁਸਤਫਾ ਕੁਰੈਸ਼ੀ,ਆਸਿਫ ਖਾਨ,ਓਮਰ ਸ਼ਰੀਫ,ਹਮਾਯੂੰ ਕੁਰੈਸ਼ੀ ਤੇ ਰੰਗੀਲਾ ਫਿਲਮ ਦੇ ਬਾਕੀ ਸਿਤਾਰੇ ਹਨ।

ਨੋਟ:—ਐਨ.ਡੀ.ਪੀ. ਦੀ ਮਾਂਟਰੀਅਲ 'ਚ ਹੋਈ ਤਿੰਨ ਦਿਨਾਂ ਕਨਵੈਨਸ਼ਨ ਦੀ ਰਿਪੋਰਟ ਅਗਲੇ ਅੰਕ ਵਿਚ ਪੜ੍ਹੋ।

ਲੇਖਕ ਚਰਨਪਾਲ ਗਿੱਲ

# ਮਿਹਣੋ-ਮਿਹਣੀ ਹੋ ਕੇ ਟੁੱਟ ਗੀ

ਦਿੱਲੀ ਦੀ ਹਾਈ ਕੋਰਟ ਵਿਚ ਇਕ ਬੜਾ ਹੀ ਦਿਲਚਸਪ ਝਗੜਾ ਚੱਲ ਰਿਹਾ ਹੈ। ਮੁਕੱਦਮਾ ਦੋ ਇਸਤਰੀ ਲੇਖਕਾਵਾਂ ਦੇ ਆਪੋ ਵਿਚ ਝਗੜੇ ਬਾਰੇ ਹੈ। ਇੱਕ ਪਾਸੇ ਪੰਜਾਬ ਦੀ ਸੁਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਹੈ ਅਤੇ ਦੂਜੇ ਪਾਸੇ ਹਿੰਦੀ ਦੀ ਓਨੀ ਹੀ ਉਪਨਿਆਸਕਾਰ ਕ੍ਰਿਸ਼ਨਾ ਸੋਬਤੀ। ਕਿਸੇ ਸਮੇਂ ਦੋਵੇਂ ਬਹੁਤ ਚੰਗੀਆਂ ਸਹੇਲੀਆਂ ਵੀ ਰਹੀਆਂ ਹਨ। ਕੋਈ ਗਲਤ ਫਹਿਮੀ ਸੀ ਜਾਂ ਸੱਚਾਈ,ਇਹ ਦੋਸਤੀ ਦੁਸ਼ਮਣੀ ਵਿਚ ਬਦਲ ਚੁੱਕੀ ਹੈ। ਦਿੱਲੀ ਦੀ ਹਾਈ ਕੋਰਟ ਵਿਚ ਇਨ੍ਹਾਂ ਦਾ ਆਪੋ ਵਿਚਲਾ ਝਗੜਾ ਸ਼ਾਇਦ ਸਭ ਤੋਂ ਦਿਲਚਸਪ ਮੁਕੱਦਮਾ ਸਾਬਤ ਹੋਵੇ।

ਸੋਬਤੀ ਨੇ ਅੰਮ੍ਰਿਤਾ ਪ੍ਰੀਤਮ ਉਤੇ ਦੋਸ਼ ਲਾਇਆ ਹੈ ਕਿ ਉਸਨੇ ਸੋਬਤੀ ਦਾ ਘੜਿਆ (ਸਿਰਜਿਆ) ਇਕ ਸ਼ਬਦ ਵਰਤ ਜਾਂ ਚੁਰਾ ਲਿਆ ਹੈ। "ਜ਼ਿੰਦਗੀਨਾਮਾ"ਕ੍ਰਿਸ਼ਨਾ ਸੋਬਤੀ ਦੇ ਇਕ ਪ੍ਰਸਿੱਧ ਨਾਵਲ ਦਾ ਨਾਮ ਹੈ। ਅੰਮ੍ਰਿਤਾ ਪ੍ਰੀਤਮ ਨੇ ਵੀ ਤਿੰਨ ਪੁਸਤਕਾਂ ਦੇ ਨਾਵਾਂ ਵਿਚ ਇਹ ਸ਼ਬਦ ਵਰਤਿਆ ਹੈ। 1.ਹਰਦੱਤ ਦਾ ਜ਼ਿੰਦਗੀਨਾਮਾ 2.ਚਿੱਤਰਕਾਰ ਹਰ ਕ੍ਰਿਸ਼ਨ ਦਾ ਜ਼ਿੰਦਗੀਨਾਮਾ 3.ਸਾਰਾ ਸ਼ਗੁਫਤਾ ਦਾ ਜ਼ਿੰਦਗੀਨਾਮਾ। ਫਰਕ ਕੇਵਲ ਇੰਨਾ ਹੈ ਕਿ ਅੰਮ੍ਰਿਤਾ ਪ੍ਰੀਤਮ ਨੇ ਇਹ ਸ਼ਬਦ,ਜੋ ਕ੍ਰਿਸ਼ਨਾ ਸੋਬਤੀ ਦੇ ਜਨਮ ਤੋਂ ਵੀ ਕਈ ਸੌ ਸਾਲ ਪਹਿਲਾਂ ਜੀਵਨੀ ਦੇ ਅਰਥਾਂ ਵਿਚ ਪ੍ਰਚੱਲਤ ਸੀ,ਠੀਕ ਰੂਪ ਵਿਚ ਵਰਤਿਆ ਹੈ। ਇਹ ਫਾਰਸੀ ਦਾ ਸ਼ਬਦ ਹੈ। ਪਰ ਕ੍ਰਿਸ਼ਨਾ ਸੋਬਤੀ ਇਸ ਵਹਿਮ ਦਾ ਸ਼ਿਕਾਰ ਹੋ ਗਈ ਹੈ ਕਿ ਇਹ ਸ਼ਬਦ ਉਸਨੇ ਖੁਦ ਬਣਾਇਆ ਤੇ ਹਿੰਦੀ ਭਾਸ਼ਾ ਵਿਚ ਇਕ ਮਹੱਤਵਪੂਰਨ ਵਾਧਾ ਕੀਤਾ ਹੈ।

25 ਨਵੰਬਰ,1986 ਦੀ 'ਸਟੇਟਸਮੈਨ'ਅਨੁਸਾਰ ਕਚਹਿਰੀ ਵਿਚ ਦਿੱਤੇ ਗਏ ਆਪਣੇ ਬਿਆਨ ਵਿਚ ਕ੍ਰਿਸ਼ਨਾ ਸੋਬਤੀ ਨੇ 1979 ਤੋਂ ਪਹਿਲਾਂ 'ਜ਼ਿੰਦਗੀਨਾਮਾ'ਸ਼ਬਦ ਦੀ ਹੋਂਦ ਪ੍ਰਤੀ ਭੋਲਾਪਨ ਪ੍ਰਗਟ ਕੀਤਾ ਹੈ ਉਹ ਮੰਨਦੀ ਹੈ ਕਿ ਉਸਨੂੰ ਜ਼ਿੰਦਗੀ ਸ਼ਬਦ ਦਾ ਪਤਾ ਸੀ ਅਤੇ ਨਾਮਾ ਦਾ ਵੀ। ਜਿਥੋਂ ਤਕ ਜ਼ਿੰਦਗੀਨਾਮਾ ਸ਼ਬਦ ਦਾ ਸਬੰਧ ਹੈ ਇਹ ਉਸਦੀ ਆਪਣੀ ਕਾਢ ਹੈ। ਉਹ ਆਪਣਾ ਭੋਲਾਪਨ ਇਸ ਹੱਦ ਤੱਕ ਲੈ ਗਈ ਹੈ ਕਿ ਉਸਨੇ ਸ਼ਬਦਾਂ ਦੀ ਜਿਣਸ ਦੱਸ ਕੇ ਇਹ ਵੀ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਦੋਹਾਂ ਦਾ ਸੁਮੇਲ ਹੋ ਨਹੀਂ ਸਕਦਾ। ਜ਼ਿੰਦਗੀ ਸ਼ਬਦ ਮਦੀਨ ਹੈ ਤੇ ਨਾਮਾ ਸ਼ਬਦ ਮਰਦ ਹੈ। ਦੋਵੇਂ ਇਕੱਠੇ ਕਿਵੇਂ ਹੋ ਸਕਦੇ ਹਨ। ਅੰਮ੍ਰਿਤਾ ਪ੍ਰੀਤਮ ਦੇ ਵਕੀਨ ਨੇ ਦੋ ਪ੍ਰਚੱਲਤ ਸ਼ਬਦਾਂ 'ਦਾਅਵਤਨਾਮਾ'ਤੇ 'ਵਸੀਅਤਨਾਮਾ'ਦਾ ਹਵਾਲਾ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸ਼ਬਦਾਂ ਵਿਚ ਨਰ ਤੇ ਮਦੀਨ ਕਈ ਵਾਰੀ ਇਕੱਠੇ ਹੋ ਜਾਂਦੇ ਹਨ ਪਰ ਕ੍ਰਿਸ਼ਨਾ ਸੋਬਤੀ ਆਪਣੇ ਭੋਲੇਪਨ 'ਤੇ ਬਜ਼ਿਦ ਹੈ ਇਸਤਰੀ ਦੇ ਭੋਲੇਪਨ ਨੂੰ ਕੌਣ ਵੰਗਾਰ ਸਕਦਾ ਹੈ?

ਕ੍ਰਿਸ਼ਨਾ ਸੋਬਤੀ ਨੂੰ ਆਪਣੀ ਹੀ ਬੋਲੀ ਦੇ ਸ਼ਬਦਾਂ ਪ੍ਰਤੀ ਇਹ ਭੋਲਾਪਨ ਦੱਸਣ ਦੀ ਲੋੜ ਕਿਉਂ ਪਈ ਇਹ ਦਿਲਚਸਪੀ ਵਾਲੀ ਗੱਲ ਹੈ। ਹੋਇਆ ਇਹ ਕਿ 1983 ਵਿਚ ਅੰਮ੍ਰਿਤਾ ਪ੍ਰੀਤਮ ਦੀ ਕਿਤਾਬ 'ਹਰਦੱਤ ਦਾ ਜ਼ਿੰਦਗੀਨਾਮਾ'ਛਪੀ ਸੀ। ਇਹੀਓ ਪੁਸਤਕ ਉਸੇ ਵਰ੍ਹੇ ਹਿੰਦੀ ਅਤੇ ਉਰਦੂ ਵਿਚ ਵੀ ਛਪੀ। ਤਿੰਨਾਂ ਦਾ ਨਾਂ ਇਕੋ ਹੀ ਰਹਿਣਾ ਸੀ ਅਤੇ ਰਿਹਾ। ਪੁਸਤਕਾਂ ਪ੍ਰਸਿੱਧ ਹੋ ਗਈਆਂ। ਕ੍ਰਿਸ਼ਨਾ ਸੋਬਤੀ ਨੂੰ ਜਾਪਿਆ ਕਿ ਇਨ੍ਹਾਂ ਪੁਸਤਕਾਂ ਦੇ ਹਰਮਨਪਿਆਰੇ ਹੋਣ ਦਾ ਕਾਰਨ ਇਨ੍ਹਾਂ ਦੇ ਨਾਂ ਵਿਚ 'ਜ਼ਿੰਦਗੀਨਾਮਾ'ਸ਼ਬਦ ਦੀ ਹੋਂਦ ਹੈ ਅਤੇ ਇਹ 1979 ਵਿਚ ਛਪੀ ਕ੍ਰਿਸ਼ਨਾ ਸੋਬਤੀ ਦੀ ਪੁਸਤਕ ਉੱਤੇ ਅਧਾਰਤ ਹਨ। ਇਸੇ ਪੁਸਤਕ ਉੱਤੇ ਕ੍ਰਿਸ਼ਨਾ ਸੋਬਤੀ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ ਸੀ। ਇਹ ਗੱਲ ਤਾਂ ਕ੍ਰਿਸ਼ਨਾ ਸੋਬਤੀ ਵੀ ਮੰਨਣ ਲਈ ਤਿਆਰ ਨਹੀਂ ਹੋਵੇਗੀ ਕਿ ਸਨਮਾਨ ਕਿਤਾਬ ਦੇ ਨਾਂ ਕਾਰਨ ਨਹੀਂ ਮਿਲਿਆ ਕਰਦਾ ਉਸਦੀ ਅੰਦਰਲੀ ਸਮੱਗਰੀ ਦੇ ਆਧਾਰ 'ਤੇ ਮਿਲਦਾ ਹੈ। ਪਰ ਦੋਹਾਂ ਦਾ ਝਗੜਾ ਏਨਾ ਵੱਧ ਚੁੱਕਾ ਹੈ ਕਿ ਕ੍ਰਿਸ਼ਨਾ ਸੋਬਤੀ ਇਸ ਗੱਲ ਤੋਂ ਵੀ ਮੁਨੱਕਰ ਹੋਣ ਲਈ ਤਿਆਰ ਹੈ।

ਹੁਣ ਵਕੀਲਾਂ ਨੇ ਦੋਹਾਂ ਨੂੰ ਅਜੀਬ ਸਥਿਤੀ ਵਿਚ ਪਾ ਦਿੱਤਾ ਹੈ। ਅੰਮ੍ਰਿਤਾ ਪ੍ਰੀਤਮ ਕਚਹਿਰੀ ਵਿਚ ਦੱਸਦੀ ਹੈ ਕਿ ਉਹ 75 ਪੁਸਤਕਾਂ ਦੀ ਲੇਖਕਾ ਹੈ ਤੇ ਉਸਦੀਆਂ ਰਚਨਾਵਾਂ 34 ਜ਼ੁਬਾਨਾਂ ਵਿਚ ਛਪ ਚੁੱਕੀਆਂ ਹਨ ਅਤੇ ਇਹ ਗੱਲ ਕ੍ਰਿਸ਼ਨਾ ਸੋਬਤੀ ਨੂੰ ਮੰਨਣੀ ਪੈਂਦੀ ਹੈ ਤੇ ਮੰਨਦੀ ਵੀ ਹੈ। ਉਧਰ ਕ੍ਰਿਸ਼ਨਾ ਸੋਬਤੀ ਦੱਸਦੀ ਹੈ ਕਿ ਉਸਦੀ ਰਚਨਾ'ਜ਼ਿੰਦਗੀਨਾਮਾ'ਏਨੀ ਮਹਾਨ ਹੈ ਕਿ ਅਮਰੀਕਾ ਦੀ ਵਿਸਕਾਨਸਨ ਯੂਨੀਵਰਸਿਟੀ ਵਿਚ ਪੜ੍ਹਾਈ ਜਾਂਦੀ ਹੈ ਅਤੇ ਭਾਰਤ ਵਿਚ ਵੀ ਕਈ ਖੋਜੀ ਉਸ ਦੀਆਂ ਰਚਨਾਵਾਂ ਉੱਤੇ ਖੋਜ ਕਰ ਰਹੇ ਹਨ ਜਿਨ੍ਹਾਂ ਵਿਚੋਂ 'ਜ਼ਿੰਦਗੀਨਾਮਾ'ਵੀ ਇੱਕ ਹੈ। ਭਲਾ ਇਹ ਗੱਲਾਂ ਵੀ ਲੇਖਕਾਂ ਦੇ ਕਰਨ ਵਾਲੀਆਂ ਹੁੰਦੀਆਂ ਹਨ ਪਰ ਉਹ ਕਰ ਰਹੀਆਂ ਹਨ। ਲੇਖਕਾਵਾਂ ਹਨ। ਔਰਤਾਂ ਹਨ। ਕੌਣ ਮੁਨਕਰ ਹੋ ਸਕਦਾ ਹੈ।

ਆਪਣੀ ਪੁਸਤਕ 'ਜ਼ਿੰਦਗੀਨਾਮਾ'ਦਾ ਹਵਾਲਾ ਦੇ ਕੇ ਕ੍ਰਿਸ਼ਨਾ ਸੋਬਤੀ ਨੇ ਚਾਰ ਸਾਲ ਪਿੱਛੋਂ ਛਪੀਆਂ ਅੰਮ੍ਰਿਤਾ ਪ੍ਰੀਤਮ ਦੀਆਂ ਪੁਸਤਕਾਂ ਉੱਤੇ ਹਮਨਾਮ ਤੇ ਨਕਲ ਹੋਣ ਦਾ ਦੋਸ਼ ਲਾਇਆ ਹੈ। ਦਾਅਵੇ ਵਿਚ ਇਨ੍ਹਾਂ ਪੁਸਤਕਾਂ ਉੱਤੇ ਮਿਲਣ ਵਾਲੀ ਰਾਇਲਟੀ ਵਿਚੋਂ ਵੀ ਹਿੱਸਾ ਮੰਗਿਆ ਹੈ। ਹੁਣ ਜਦੋਂ ਕਿ ਦਿੱਲੀ ਹਾਈ ਕੋਰਟ ਨੇ ਨਕਲ ਹੋਣ ਦੀ ਗੱਲ ਅਪ੍ਰਵਾਨ ਕਰ ਦਿੱਤੀ ਹੈ,ਝਗੜਾ ਕੇਵਲ ਪੁਸਤਕ ਦਾ ਨਾਂ ਚੋਰੀ ਕਰਨ ਉੱਤੇ ਸੀਮਤ ਹੋ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦਿਨ ਰਾਤ ਕਚਹਿਰੀਆਂ ਦੇ ਗੇੜੇ ਕੱਢ ਰਹੀ ਹੈ ਤੇ 'ਜ਼ਿੰਦਗੀਨਾਮਾ'ਸ਼ਬਦ ਦੀ ਜੜ੍ਹ ਤੱਕ ਜਾਣਾ ਉਸ ਦਾ ਮੁੱਖ ਧੰਦਾ ਬਣਿਆ ਹੋਇਆ ਹੈ। ਉਸਦੇ ਤਿੰਨ ਵਕੀਲਾਂ ਵਲੋਂ ਉਰਦੂ,ਹਿੰਦੀ ਤੇ ਫਾਰਸੀ ਦੀਆਂ ਸਭ ਲੁਗਾਤਾਂ (ਡਿਕਸ਼ਨਰੀਆਂ)ਦੇਖੀਆਂ ਜਾ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਦੇ ਸਮੇਂ ਦੇ ਭਾਈ ਨੰਦ ਲਾਲ ਗੋਯਾ ਤੋਂ ਲੈ ਕੇ,ਜਿਸਦੀ ਇਕ ਰਚਨਾ ਦਾ ਨਾਂ 'ਜ਼ਿੰਦਗੀਨਾਮਾ'ਸੀ,ਇਨ੍ਹਾਂ ਜ਼ੁਬਾਨਾਂ ਦੇ ਹੋਰ ਮਾਹਰਾਂ ਦੀਆਂ ਰਚਨਾਵਾਂ ਪੜ੍ਹੀਆਂ ਜਾ ਰਹੀਆਂ ਹਨ। ਕੇਵਲ ਇਹ ਦੇਖਣ ਲਈ ਕਿ ਕਿਸੇ ਨੇ ਕ੍ਰਿਸ਼ਨਾ ਸੋਬਤੀ ਤੋਂ ਪਹਿਲਾਂ 'ਜ਼ਿੰਦਗੀਨਾਮਾ'ਸ਼ਬਦ ਵਰਤਿਆ ਹੈ ਕਿ ਨਹੀਂ। ਜੇ ਵਰਤਿਆ ਹੈ ਤਾਂ ਕੀ ਉਹ ਕ੍ਰਿਸ਼ਨਾ ਸੋਬਤੀ ਨੇ ਪੜ੍ਹਿਆ ਹੋਵੇਗਾ ਜਾਂ ਨਹੀਂ। ਕਚਹਿਰੀ ਨੂੰ ਕੇਵਲ ਇਸ ਗੱਲ ਦਾ ਸਬੂਤ ਚਾਹੀਦਾ ਹੈ ਕਿ ਇਹ ਸ਼ਬਦ ਪਹਿਲਾਂ ਤੋਂ ਪ੍ਰਚਲਤ ਹੈ ਅਤੇ 1979 ਤੋਂ ਪਹਿਲਾਂ ਵੀ ਕ੍ਰਿਸ਼ਨਾ ਸੋਬਤੀ ਦਾ ਇਹ ਦਾਅਵਾ ਝੂਠਾ ਹੋ ਜਾਂਦਾ ਹੈ ਕਿ ਉਹ ਇਸ ਸ਼ਬਦ ਤੋਂ ਅਨਜਾਣ ਸੀ ਅਤੇ ਇਹ ਸ਼ਬਦ ਉਸਨੇ 1979 ਵਿਚ ਆਪਣੀ ਹੀ ਪੁਸਤਕ ਲਈਘੜਿਆ ਸੀ।

ਅਸਲੀ ਗੱਲ ਤਾਂ ਇਹ ਹੈ ਕਿ ਦੁਨੀਆਂ ਦੀਆਂ ਸਭ ਭਾਸ਼ਾਵਾਂ ਵਿਚ ਲੋੜ ਅਨੁਸਾਰ ਜਿਥੇ ਦੂਜੀਆਂ ਭਾਸ਼ਾਵਾਂ ਤੋਂ ਤਦਭਵ ਤੇ ਤਤਸਮ ਰੂਪ ਵਿਚ ਸ਼ਬਦ ਉਧਾਰੇ ਲਏ ਜਾਂਦੇ ਹਨ,ਉਥੇ ਉਨਤ ਯੁੱਗ ਦੀਆਂ ਭਾਸ਼ਾਈ ਲੋੜਾਂ ਪੂਰੀਆਂ ਕਰਨ ਲਈ ਨਿੱਤ ਨਵੇਂ ਸ਼ਬਦ ਘੜੇ ਵੀ ਜਾਂਦੇ ਹਨ। ਇਹ ਇਕ ਭਾਸ਼ਾ ਵਿਗਿਆਨਕ ਸੱਚਾਈ ਹੈ। ਇਹ ਸ਼ਬਦ ਘੜੇ ਹੀ ਵਰਤੋਂ ਕਰਨ ਲਈ ਹੁੰਦੇ ਹਨ। ਅਜਿਹਾ ਕਰਨ ਦਾ ਮੁੱਖ ਮੰਤਵ ਇਹ ਨਹੀਂ ਹੁੰਦਾ ਕਿ ਕੋਈ ਲੇਖਕ ਕਿਸੇ ਸ਼ਬਦ ਉੱਤੇ ਕਬਜ਼ਾ ਜਾਂ ਅਜਾਰੇਦਾਰੀ ਕਾਇਮ ਕਰ ਲਵੇ। ਕ੍ਰਿਸ਼ਨਾ ਸੋਬਤੀ ਨੇ ਤਾਂ ਜ਼ਿੰਦਗੀਨਾਮਾ ਸ਼ਬਦ ਨੂੰ ਇਸ ਤਰ੍ਹਾਂ ਆਪਣੀ ਹਿੱਕ ਨਾਲ ਲਾ ਲਿਆ ਹੈ ਜਿਵੇਂ ਕੋਈ ਮਾਂ ਆਪਣੇ ਲਾਲ ਨੂੰ ਲਾ ਲੈਂਦੀ ਹੈ। ਇਹ ਕਿਹੋ ਜਿਹੀ ਘਾਟ ਹੈ?

ਸ਼ਬਦ 'ਜ਼ਿੰਦਗੀਨਾਮਾ'ਉਤੇ ਇਤਿਹਾਸਕ ਭਾਸ਼ਾ ਵਿਗਿਆਨਕ ਝਾਤੀ ਮਾਰੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਹਿੰਦੀ ਦਾ ਨਹੀਂ ਫਾਰਸੀ ਦਾ ਸ਼ਬਦ ਹੈ ਪਰ ਇਸਦੀ ਵਰਤੋਂ ਅੱਜ ਤੋਂ ਕੋਈ ਸੌ ਸਾਲ ਪਹਿਲਾਂ ਤੋਂ ਹੁੰਦੀ ਆ ਰਹੀ ਹੈ। ਇਥੇ ਕੁਝ ਹਵਾਲੇ ਦੇਣੇ ਵੀ ਜ਼ਰੂਰੀ ਹਨ। ਇਸ ਨਾਮ ਦੀਆਂ ਪੁਸਤਕਾਂ ਦਾ ਵੀ ਘਾਟਾ ਨਹੀਂ।

"ਜ਼ਿੰਦਗੀਨਾਮਾ - ਏ - ਬੇਰੂਨੀ",
"ਜ਼ਿੰਦਗੀਨਾਮਾ -ਏ - ਇਕਬਾਲ",
"ਜ਼ਿੰਦਗੀਨਾਮਾ -ਏ — ਅਲੀ" ਆਦਿ।

ਪ੍ਰਸਿੱਧ ਅੰਗਰੇਜ਼ ਲੇਖਕ ਮੈਕਾਲਫ ਦੀ ਪੁਸਤਕ "ਸਿਖ ਰਿਲੀਜਨ"ਵਿਚ ਭਾਈ ਨੰਦ ਲਾਲ ਗੋਯਾ ਦੀ ਇਕ ਪੁਸਤਕ ਦਾ ਹਵਾਲਾ ਵੀ ਮਿਲਦਾ ਹੈ। ਜਿਸਦਾ ਨਾਂ "ਜ਼ਿੰਦਗੀਨਾਮਾ"ਹੈ। ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਸਨ।

ਇਹ ਸਾਰੇ ਹਵਾਲੇ ਅੰਮ੍ਰਿਤਾ ਪ੍ਰੀਤਮ ਵਲੋਂ ਕਚਿਹਰੀ ਵਿਚ ਦਿੱਤੇ ਗਏ ਹਨ। ਅੰਮ੍ਰਿਤਾ ਦੇ ਵਿਚਾਰ ਅਨੁਸਾਰ ਇਨ੍ਹਾਂ ਇਤਿਹਾਸਕ ਹਵਾਲਿਆਂ ਨਾਲ ਕ੍ਰਿਸ਼ਨਾ ਸੋਬਤੀ ਦਾ ਭਰਮ-ਖੰਡਨ ਹੋ ਜਾਣਾ ਚਾਹੀਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਨੰਦ ਲਾਲ ਦੋਵੇਂ ਉਸਤੋਂ ਤਿੰਨ ਸਾਢੇ ਤਿੰਨ ਸੌ ਵਰ੍ਹੇ ਪਹਿਲਾਂ ਹੋਏ ਹਨ ਤੇ ਉਨ੍ਹਾਂ ਦੋਹਾਂ ਨੇ ਹੀ ਇਸ ਸ਼ਬਦ ਦੀ ਵਰਤੋਂ ਸੋਬਤੀ ਤੋਂ ਪਹਿਲਾਂ ਕੀਤੀ ਹੈ। ਜਦੋਂ ਕ੍ਰਿਸ਼ਨਾ ਸੋਬਤੀ ਆਪਣੇ ਅਦਾਲਤੀ ਬਿਆਨਾਂ ਵਿਚ ਇਹ ਕਹਿੰਦੀ ਹੈ ਕਿ ਸ਼ਬਦ


RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ
ਸਾਨੂੰ ਸੇਵਾ ਦਾ ਮੌਕਾ ਦਿਓ
ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ
ਗਰੰਟੀ ਦਿੱਤੀ ਜਾਂਦੀ ਹੈ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL




ਪੰਨਾ 30 ਦੀ ਬਾਕੀ

ਜ਼ਿੰਦਗੀਨਾਮਾ ਉਸਨੇ ਬਣਾਇਆ ਹੈ,ਹਿੰਦੀ ਦੀ ਡਿਕਸ਼ਨਰੀ ਵਿਚ ਸ਼ਬਦ ਜ਼ਿੰਦਗੀਨਾਮਾ ਨਹੀਂ ਮਿਲਦਾ,ਇਸ ਸ਼ਬਦ ਦੇ ਉਨ੍ਹਾਂ ਅਰਥਾਂ ਤੋਂ ਬਿਨਾਂ ਕੋਈ ਅਰਥ ਨਹੀਂ ਜੋ ਉਸਨੇ ਇਸਨੂੰ ਦਿੱਤੇ ਹਨ ਅਤੇ ਜਦੋਂ ਉਹ ਫਾਰਸੀ ਡਿਕਸ਼ਨਰੀ ਵਿਚ ਜੀਵਨੀ ਅਰਥਾਂ ਵਾਲੇ ਸ਼ਬਦ "ਜ਼ਿੰਦਗੀਨਾਮਾ"ਤੋਂ ਅਗਿਆਨਤਾ ਪ੍ਰਗਟ ਕਰਦੀ ਹੈ,ਤਾਂ ਉਸਦੀ ਸੁਹਿਰਦਤਾ ਉੱਤੇ ਉਪਰੋਕਤ ਸੰਦੇਹ ਹੋਣ ਲਗਦਾ ਹੈ।

ਕ੍ਰਿਸ਼ਨਾ ਸੋਬਤੀ ਕੇਵਲ ਇਹ ਬਿਆਨ ਦੇਣ ਨਾਲ ਫਰਜ਼-ਮੁਕਤ ਨਹੀਂ ਹੋ ਜਾਂਦੀ ਕਿ ਉਸਨੂੰ ਉਰਦੂ ਤੇ ਫਾਰਸੀ ਬੋਲੀਆਂ ਨਹੀਂ ਆਉਂਦੀਆਂ ਅਦਾਲਤ ਫੈਸਲਾ ਕੁਝ ਵੀ ਕਰੇ,ਇਕ ਬੁੱਧੀਜੀਵੀ ਤੋਂ ਲੇਖਕ ਹੋਣ ਦੇ ਨਾਤੇ ਅਤੇ ਇਕ ਪੰਜਾਬੀ ਹੋਣ ਦੇ ਨਾਤੇ ਉਸਨੂੰ ਸਮੁੱਚੇ ਪੰਜਾਬ ਜਗਤ ਨੂੰ ਜਵਾਬਦੇਹ ਹੋਣਾ ਪਵੇਗਾ।

ਗੱਲ ਕਿਥੋਂ ਕਿੱਥੇ ਤਕ ਪਹੁੰਚ ਗਈ ਹੈ,ਹਾਸੋ-ਹੀਣੀ ਵੀ ਹੈ ਤੇ ਦਿਲਚਸਪ ਵੀ। ਇਸਨੂੰ ਇਥੇ ਤਕ ਪਹੁੰਚਾਉਣ ਦਾ ਕੰਮ ਕਿਸੇ ਮਰਦ ਦੇ ਵਸ ਦਾ ਤਾਂ ਨਹੀਂ ਸੀ। ਬੂਰੇ ਦੇ ਘਰ ਤਕ ਜਾਣ ਵਿਚ,ਠੀਕ ਜਾਂ ਸੱਚ,ਇਸਤਰੀਆਂ ਹੀ ਪ੍ਰਸਿਧ ਜਾਂ ਬਦਨਾਮ ਹੋਈਆਂ ਹਨ।

ਹਾਈ ਕੋਰਟ ਨੂੰ ਇਸ ਫੈਸਲੇ ਦੀ ਅੰਤਿਮ ਸੁਣਵਾਈ ਤੋਂ ਪਿੱਛੋਂ ਇਹ ਗੱਲ ਵੀ ਲਿਖਣੀ ਚਾਹੀਦੀ ਹੈ ਕਿ ਇਸਤਰੀਆਂ ਦੀ ਇਹੋ ਜਿਹੀ ਲੜਾਈ ਕਿਉਂ ਤੇ ਕਦੋਂ ਹੁੰਦੀ ਹੈ। ਪ੍ਰਸਿੱਧੀ ਮਿਲਣ ਤੋਂ ਪਹਿਲਾਂ ਕਿ ਪਿੱਛੋਂ। ਮੇਰੇ ਵਰਗੇ ਪੇਂਡੂ ਲੋਕਾਂ ਕੋਲ ਤਾਂ ਕੇਵਲ ਬੋਲੀ ਹੀ ਹੈ :

ਤੇਰੀ ਕੱਚਿਆ ਮਸ਼ੂਕਾ ਯਾਰੀ,
ਮਿਹਣੋ-ਮਿਹਣੀ ਹੋ ਕੇ ਟੁੱਟ ਗਈ,

ਗੁਲਜ਼ਾਰ ਸਿੰਘ ਸੰਧੂ

# 1987 ਲਈ ਬੱਚਤ ਪਲੈਨ ਸ਼ੁਰੂ ਕਰਨ ਦਾ ਵੇਲਾ : ਅੱਜ

ਗੁਰਚਰਨ ਰਾਮਪੁਰੀ

ਦੋ ਮਾਰਚ 1987 ਪਿਛਲੇ ਸਾਲ (1986) ਲਈ RSp ਖਰੀਦਣ ਦਾ ਆਖਰੀ ਦਿਨ ਸੀ। ਪਰ ਇਹ 1987 ਦੀ RSPਲਈ ਬੱਚਤ ਕਰਨੀ ਸ਼ੁਰੂ ਕਰਨ ਖਾਸ੍ਤਰ ਸੋਚਣ ਦਾ ਵੀ ਸਹੀ ਦਿਨ ਸੀ।

ਜਿਵੇਂ ਕੁੱਝ ਚਿਰ ਪਹਿਲਾਂ ਲਿਖੇ ਮੇਰੇ ਲੇਖਟੈਕਸ਼ ਬਚਾਉਣ ਦੀ ਰੁੱਤ ਵਿੱਚ ਦਿੱਤੇ ਚਾਰਟਾਂ ਰਾਹੀਂ ਆਪਨੇ ਦੇਖਿਆ ਸੀ ਕਿ ਜੇ ਆਪ ਦਸੰਬਰ 1967 ਤੋਂ 1985 ਤੱਕ RSPਦੀ ਵੱਧ ਤੋਂ ਵੱਧ ਪ੍ਰਵਾਨਿਤ ਰਕਮ ਹਰ ਸਾਲ ਜਮ੍ਹਾਂ ਕਰਵਾਉਂਦੇ ਤਾਂ ਆਪਨੂੰ ਆਪਣੇ ਕੋਲੋਂ ਕੁੱਲ $83,500 ਡਾਲਰ ਦੇਣੇ ਪੈਣੇ ਸਨ ਅਤੇ ਉਸ ਨਾਲ ਖਰੀਦੇ "**ਇੰਡਸਟਰੀਅਲ ਗਰੋਥ ਫੰਡ**"ਦੀ ਰਕਮ ਵੱਧ ਕੇ 31.12.85 ਨੂੰ 429,591 ਡਾਲਰ ਹੋ ਜਾਣੀ ਸੀ

ਜੇ ਉਹੀ ਰਕਮ ਤੁਸੀਂ ਬਣਦੀ ਬੰਨ੍ਹਵੀਂ ਮਾਹਵਾਰੀ ਕਿਸ਼ਤ ਰਾਹੀਂ ਜਮ੍ਹਾਂ ਕਰਵਾਉਂਦੇ ਤਾਂ ਅਖੀਰ ਵਿੱਚ ਕੁੱਲ ਜੋੜ ਵੱਧ ਕੇ 450,443 ਡਾਲਰ ਹੋ ਜਾਂਦਾ। ਇਸਦਾ ਭਾਵ ਹੈ ਕਿ ਤੁਸੀਂ ਸਿਰਫ ਮਹੀਨਾਵਾਰ ਕਿਸ਼ਤ ਦੇਣ ਨਾਲ ਹੀ ਤੁਹਾਡੇ ਖਾਤੇ ਵਿੱਚ ਲੱਗਪੱਗ 21,000 ਡਾਲਰ ਵੱਧ ਜਮ੍ਹਾਂ ਹੋ ਜਾਣੇ ਸਨ। ਮੁਨਾਫੇ ਦੀ ਰਕਮ ਦੇ ਇਸ ਵਾਧੇ ਦੇ ਹੇਠ ਲਿਖੇ ਸਪਸ਼ਟ ਕਾਰਨ ਹਨ:

(1) ਬੱਚਤ ਦੀ ਤੁਹਾਡੀ ਰਕਮ ਹਰ ਮਹੀਨੇ ਦੇ ਆਰੰਭ ਤੋਂ ਹੀ ਮੁਨਾਫਾ ਕਮਾਉਂਦੀ ਰਹਿੰਦੀ ਹੈ।

(2) ਤੁਸੀਂ ਹਰ ਮਹੀਨੇ ਫੰਡ ਦੇ ਨਵੇਂ ਹਿੱਸੇ ਖਰੀਦਣ ਕਰਕੇ ਮੰਡੀ ਦੇ ਉਤਰਾਅ ਚੜ੍ਹਾਅ ਤੋਂ ਲਾਭ ਉਠਾਉਂਦੇ ਹੋ। ਭਾਵ ਜੇ ਹਿੱਸਿਆਂ ਦਾ ਭਾਅ ਕਦੇ ਰਤਾ ਘਟਦਾ ਹੈ ਤਾਂ ਤੁਸੀਂ ਉਸੇ ਬੰਨ੍ਹੀ ਰਕਮ ਨਾਲ ਕੁੱਝ ਵਧੀਕ ਹਿੱਸੇ ਖਰੀਦਦੇ ਹੋ ਅਤੇ ਸਾਲ ਵਿੱਚ ਤੁਹਾਡੇ ਹਿੱਸੇ ਦਾ ਔਸਤ ਭਾਅ ਲਾਹੇਵੰਦ ਹੋਣ ਦੀ ਆਸ ਹੁੰਦੀ ਹੈ।

(3) ਤੁਹਾਨੂੰ ਸਾਲ ਦੇ ਅਖੀਰ ਉੱਤੇ ਇਕੋ ਦਮ ਹਜ਼ਾਰਾਂ ਡਾਲਰ ਦੀ ਵੱਡੀ ਰਕਮ ਦਾ ਪ੍ਰਬੰਧ ਕਰਨ ਦੀ ਲੋੜ ਨਹੀਂ ਪੈਂਦੀ। ਬੱਚਤ ਦੀ ਰਕਮ ਥੋੜ੍ਹੀ ਥੋੜ੍ਹੀ ਤੁਹਾਡੀ ਤਨਖਾਹ 'ਚੋਂ ਆਪਣੇ ਆਪ ਕਟੀਂਦੀ ਰਹਿੰਦੀ ਹੈ ਜਾਂ ਤੁਹਾਡੇ ਖਾਤੇ 'ਚੋਂ ਚੱਕੀ ਜਾਂਦੀ ਹੈ। ਇਸ ਨਾਲ ਤੁਸੀਂ ਆਪਣੇ ਘਰੇਲੂ ਬੱਜਟ ਵਿੱਚ ਲੋੜੀਂਦੀ ਘਾਟ ਵਾਧ ਕੁੱਝ ਵਧੇਰੇ ਸੌਖ ਨਾਲ ਕਰ ਸਕਦੇ ਹੋ।

(4) ਮਹੀਨਾਵਾਰ ਕਿਸ਼ਤ ਕਟਾਣ ਕਰਕੇ ਤੁਸੀਂ ਆਪਣੀ ਕੰਪਨੀ ਨੂੰ ਇਹ ਕਹਿ ਸਕਦੇ ਹੋ ਕਿ ਉਹ ਆਪਦੀ ਤਨਖਾਹ 'ਚੋਂ ਟੈਕਸ ਦੀ ਕਟੌਤੀ ਘੱਟ ਕਰਨ। ਇਸ ਨਾਲ ਖਰਚ ਲਈ ਤੁਹਾਡੀ ਜੇਬ ਵਿੱਚ ਕੁੱਝ ਵਧੇਰੇ ਰਕਮ ਆ ਸਕੇਗੀ।

(5) ਸਾਲ ਦੇ ਅਖੀਰ ਉੱਤੇ ਕ੍ਰਿਸਮਿਸ ਅਤੇ ਨਵੇਂ ਸਾਲ ਦੇ ਦਿਨਾਂ ਵਿੱਚ ਹੋਣ ਵਾਲੇ ਹੋਰ ਖਰਚੇ,ਕਾਰ ਜਾਂ ਜੀਵਨ ਬੀਮੇ ਆਦਿਕ ਦੀ ਰਕਮ ਲਈ ਤੁਹਾਡੀ ਚਿੰਤਾ ਘੱਟ ਜਾਵੇਗੀ।

ਉਪਰਲੇ ਕਾਰਨਾਂ ਨੂੰ ਧਿਆਨ ਵਿੱਚ ਰੱਖਦਿਆਂ ਮੇਰਾ ਵਿਸ਼ਵਾਸ ਹੈ ਕਿ ਤੁਸੀਂ ਹਰ ਮਹੀਨੇ ਜਾਂ ਤਨਖਾਹ ਵੇਲੇ:ਹਰ ਪੰਦਰਵਾੜੇ ਬੱਚਤ ਪਲੈਨ (RSp)ਵਿੱਚ ਕਿਸ਼ਤਵਾਰ ਰਕਮ ਜਮ੍ਹਾਂ ਕਰਨ ਦਾ ਫੈਸਲਾ ਕਰੋਗੇ। ਇਸ ਨਾਲ ਅਖੀਰ ਵਿੱਚ ਆਪ ਨੂੰ ਚੋਖਾ ਮੁਨਾਫਾ ਹੋਣ ਦੀ ਆਸ ਰੱਖੀ ਜਾ ਸਕਦੀ ਹੈ। ਨਾਲ ਹੀ ਰੀਟਾਇਰਮੇਂਟ ਦੇ ਦਿਨਾਂ ਵਿੱਚ ਤੁਸੀਂ ਮਾਇਕ ਬਹੁਲਤਾ ਮਾਣ ਸਕਦੇ ਹੋ।

# 'ਰਾਜੀਵ ਪਿਕਨਿੱਕ ਮੰਤਰੀ'

ਨਵੀਂ ਦਿੱਲੀ:—ਰਾਜ ਸਭਾ ਵਿਚ ਡੀ.ਐਮ.ਕੇ.ਦੇ ਸ੍ਰੀ ਵੀ.ਗੋਪਾਲ ਸਵਾਮੀ ਨੇ ਕਿਹਾ,"ਸਾਡੇ ਪ੍ਰਧਾਨ ਮੰਤਰੀ (ਸ੍ਰੀ ਰਾਜੀਵ ਗਾਂਧੀ) ਪਿਕਨਿੱਕ ਮੰਤਰੀ ਬਣ ਚੁੱਕੇ ਹਨ।

ਔਸਤ ਅਨੁਸਾਰ ਪ੍ਰਧਾਨ ਮੰਤਰੀ ਹਰ ਹਫਤੇ ਵਿਚੋਂ ਇਕ ਦਿਨ ਬਾਹਰ ਰਹਿੰਦੇ ਹਨ। ਉਨ੍ਹਾਂ ਨੇ ਰਾਸ਼ਟਰਪਤੀ ਦੇ ਭਾਸ਼ਣ ਤੇ ਬਹਿਸ ਦੌਰਾਨ ਇਹ ਵੀ ਕਿਹਾ ਕਿ ਦੂਜੇ ਪਾਸੇ ਰਾਸ਼ਟਰਪਤੀ ਨੂੰ ਵਿਦੇਸ਼ ਜਾਣ ਹੀ ਨਹੀਂ ਦਿੱਤਾ ਜਾ ਰਿਹਾ ਭਾਵੇਂ ਕਿ ਉਨ੍ਹਾਂ ਨੂੰ ਕਈ ਸੱਦਾ-ਪੱਤਰ ਮਿਲ ਚੁੱਕੇ ਹਨ।

# ਨਸੀਰੂਦੀਨ ਸ਼ਾਹ ਰੂਸ 'ਚ ਵੀ ਹਰਮਨ ਪਿਆਰਾ

ਮਾਸਕੋ:—ਰਾਜ ਕਪੂਰ ਤੋਂ ਬਾਅਦ ਸੋਵੀਅਤ ਸੰਘ ਵਿਚ ਸਭ ਤੋਂ ਵੱਧ ਹਰਮਨ ਪਿਆਰਾ ਭਾਰਤੀ ਅਭਿਨੇਤਾ ਨਸੀਰੂਦੀਨ ਸ਼ਾਹ ਹੈ।

ਨਸੀਰੂਦੀਨ ਸ਼ਾਹ ਦੀਆਂ ਫਿਲਮਾਂ ਕਈ ਕਈ ਮਹੀਨਿਆਂ ਤੱਕ ਸੋਵੀਅਤ ਸੰਘ ਵਿਚ ਵੱਖ ਵੱਖ ਥਾਵਾਂ ਤੇ ਸਿਨਮਿਆਂ ਵਿਚ ਚਲੀਆਂ ਹਨ ਪਰ ਅਜੇ ਤੱਕ ਕਈ ਲੋਕ ਇਹ ਸਮਝਦੇ ਹਨ ਕਿ ਭਾਰਤੀ ਫਿਲਮਾਂ ਘਟੀਆਂ ਹੁੰਦੀਆਂ ਹਨ।

ਸੋਵੀਅਤ ਸੰਘ ਦੇ ਸੁਪ੍ਰਸਿਧ ਫਿਲਮ ਸਮੀਖਿਅਕ 'ਅਲੈਗਜ਼ਾਂਦਰ ਲਿਪਕੋਵ'ਪ੍ਰਸਿਧ ਫਿਲਮੀ ਪਤ੍ਰਿਕਾ 'ਸੰਵੇਤਸਕੀ ਇਕਰਾਜ'ਵਿਚ ਲਿਖਿਆ ਹੈ 'ਨਸੀਰੂਦੀਨ ਸ਼ਾਹ ਦੀਆਂ ਭੂਮਿਕਾਵਾਂ ਵਿਚ ਨਾ ਸਿਰਫ ਚੰਗੀ ਅਦਾਕਾਰੀ ਦੇਖਣ ਨੂੰ ਮਿਲਦੀ ਹੈ,ਸਗੋਂ ਨਾਗਰਿਕ ਮਸਲਿਆਂ ਦੇ ਹੱਲ ਲਈ ਜ਼ੋਰਦਾਰ ਕੋਸ਼ਿਸ਼ ਵੀ ਹੁੰਦੀ ਹੈ।"

AIR-INDIA ANNOUNCES INDIA TWO WAYS.

We want to make it as convenient as possible for you to fly Air-India to India. So we suggest you leave any day of the week and choose

1.  Fly to New York and connect with Air-India's 8:15 nightly departure for Delhi or Bombay.

2.  Fly to London or Paris and pick up Air-India there.

AIR-INDIA
WE'RE YOUR AIRLINE
See your Travel Agent and make your reservations now.



# GILL AUTO SALES

## ਗਿੱਲ ਆਟੋ ਸੇਲਜ਼

DLR #8220

## 'ਤੇ ਪਹੁੰਚੋ

## ਕਾਰਾਂ, ਵੈਨਾਂ ਜਾਂ ਪਿਕ ਅੱਪ ਖ੍ਰੀਦੋ

ਕਿਸੇ ਵੀ ਮੇਕ ਦੀ ਨਵੀਂ ਜਾਂ ਪੁਰਾਣੀ ਕਾਰ ਲੈਣ ਲਈ

## ਸਾਨੂੰ ਮਿਲੋ

## ਅਸੀਂ ਤੁਹਾਡੇ ਹਜ਼ਾਰਾਂ ਡਾਲਰ ਬਚਾਅ ਸਕਦੇ ਹਾਂ

### ਗਿੱਲ ਵੈਨ ਕਨਵਰਸ਼ਨ

ਆਪਣੀ ਵੈਨ ਦੀ ਕਨਵਰਸ਼ਨ ਕਰਵਾਉਣ ਲਈ ਸਾਡੇ ਕੋਲ ਪਹੁੰਚੋ —

**—ਖਿੜਕੀਆਂ—**

- ਪੂਰੀ ਤਬਦੀਲੀ
- ਆਈ. ਸੀ. ਬੀ. ਸੀ. ਕਲੇਮਜ਼
- ਸਨ-ਰੂਫ਼
- ਹਰ ਤਰ੍ਹਾਂ ਦੀਆਂ ਲੋੜਾਂ ਅਨੁਸਾਰ ਤੁਹਾਡੀ ਪਲੈਨ ਅਨੁਸਾਰ ਕੰਮ ਹੋਏਗਾ

**ਵਧੀਆ ਰੇਟ — ਗਰੰਟੀ ਦਾ ਕੰਮ**

### Gill Van Conversion

**—WINDOWS—**

- Complete Conversions
- I.C.B.C. Claims
- Full Line of Accessories
- Sun-roofs

We will build to your plans or ours

**BEST RATES — GUARANTEED WORK**

ਅੱਜ ਹੀ ਮਿਲੋ :

## P.S. GILL — SURINDER SINGH

## QUALITY USED CARS

ALL QUALITY CARS, PICK UPS & VANS TO CHOOSE FROM

**6138 KINGSWAY**

(Between Gilly & Imperial)

**Ph. 432-7333**